ਰੋਜ਼ਾਨਾ ਲੋਕ ਬਾਣੀ
ਸੱਚ ਤੇ ਨਿਡਰ ਦੀ ਅਵਾਜ਼
ਸ਼ੁੱਕਰਵਾਰ, 18 ਮਾਰਚ 2022

# ਹੋਲੀ ’ਤੇ ਵਿਸ਼ੇਸ਼

# Holi Celebration 2022

## ਭਾਰਤ ਤੋਂ ਇਲਾਵਾ ਇਨ੍ਹਾਂ ਦੇਸ਼ਾਂ ’ਚ ਵੀ ਦੇਖਣ ਨੂੰ ਮਿਲਦੀ ਹੈ ਹੋਲੀ ਦੀ ਧੂਮਧਾਮ

ਫੱਗਣ ਮਹੀਨੇ ਦੀ ਪੁੰਨਿਆ ਨੂੰ ਭਾਰਤ ’ਚ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਜੋ ਇਸ ਸਾਲ 18 ਮਾਰਚ ਨੂੰ ਹੈ ਪਰ ਇਸ ਦੀਆਂ ਤਿਆਰੀਆਂ ਕਈ ਹਫ਼ਤੇ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਬ੍ਰਿਜ ’ਚ ਤਾਂ ਰੰਗਾਂ ਤੋਂ ਇਲਾਵਾ ਫੁੱਲਾਂ ਤੇ ਲੱਡੂਆਂ ਦੀ ਹੋਲੀ ਵੀ ਖੇਡੀ ਜਾਂਦੀ ਹੈ। ਹੋਲੀ ਤੋਂ ਇਕ ਦਿਨ ਪਹਿਲਾਂ ਹੋਲਿਕਾ ਦਹਿਨ ਵੀ ਕੀਤਾ ਜਾਂਦਾ ਹੈ। ਹੋਲੀ ਦਾ ਤਿਉਹਾਰ ਇਕ -ਦੂਜੇ ਦੇ ਰੰਗ ਲਗਾ ਕੇ ਮਨਾਇਆ ਜਾਂਦਾ ਹੈ। ਹੋਲੀ ਦੀ ਰੌਣਕ ਦਾ ਅੰਦਾਜਾ ਤੁਸੀਂ ਇਸ ਗੱਲ ਤੋਂ ਵੀ ਲਗਾ ਸਕਦੇ ਹੋ ਕਿ ਇਹ ਤਿਉਹਾਰ ਕੇਵਲ ਭਾਰਤ ਹੀ ਨਹੀਂ ਬਲਕਿ ਕਈ ਹੋਰ ਦੇਸ਼ਾਂ ’ਚ ਵੀ ਮਨਾਇਆ ਜਾਂਦਾ ਹੈ। ਆਓ ਜਾਣਦੇ ਹਾਂ ਕਿ ਹੋਰ ਕਿਹੜ? ਦੇਸ਼ਾਂ ’ਚ ਇਸ ਤਿਉਹਾਰ ਨੂੰ ਮਨਾਇਆ ਜਾਂਦਾ ਹੈ।



**1. ਨੇਪਾਲ**

ਭਾਰਤ ’ਚ ਮਨਾਏ ਜਾਣ ਵਾਲੇ ਜ਼ਿਆਦਾਤਰ ਤਿਉਹਾਰ ਨੇਪਾਲ ’ਚ ਵੀ ਮਨਾਏ ਜਾਂਦੇ ਹਨ। ਹੋਲੀ ਨੂੰ ਇੱਥੇ ਫੱਗੂ ਪੁੰਨੀ ਕਿਹਾ ਜਾਂਦਾ ਹੈ। ਜਿਸ ਦੀ ਸ਼ੁਰੂਆਤ ਮਹਿਲ ’ਚ ਬਾਂਸ ਦੇ ਥੰਮ੍ਹ ਨੂੰ ਦਫ਼ਨਾਉਣ ਨਾਲ ਹੋਈ। ਇਹ ਸਾਰਾ ਹਫ਼ਤਾ ਚੱਲਦਾ ਰਿਹਾ। ਪਹਾੜੀ ਖੇਤਰਾਂ ’ਚ, ਹੋਲੀ ਭਾਰਤ ਦੀ ਹੋਲੀ ਤੋਂ ਇੱਕ ਦਿਨ ਪਹਿਲਾਂ ਮਨਾਈ ਜਾਂਦੀ ਹੈ, ਜਦੋਂ ਕਿ ਤਰਾਈ ਦੀ ਹੋਲੀ ਭਾਰਤ ਦੇ ਨਾਲ ਅਤੇ ਭਾਰਤ ਵਾਂਗ ਹੀ ਮਨਾਈ ਜਾਂਦੀ ਹੈ।

ਭੁੱਲ ਕੇ ਵੀ ਇਨ੍ਹਾਂ ਰਤਨਾਂ ਨੂੰ ਇਕੱਠੇ ਨਾ ਕਰੋ ਧਾਰਨ, ਨਹੀਂ ਤਾਂ ਕਰਨਾ ਪਵੇਗਾ ਮੁਸ਼ਕਲਾਂ ਦਾ ਸਾਹਮਣਾ

**2. ਮਿਆਂਮਾਰ**

ਮੇਕਾਂਗ, ਹੋਲੀ ਦੇ ਸਮਾਨ ਤਿਉਹਾਰ, ਮਿਆਂਮਾਰ ’ਚ ਮਨਾਇਆ ਜਾਂਦਾ ਹੈ। ਕੁਝ ਥਾਵਾਂ ’ਤੇ ਇਸ ਨੂੰ ਥਿੰਗਯਾਨ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਿਨ ਲੋਕ ਇਕ-ਦੂਜੇ ’ਤੇ ਪਾਣੀ ਦੀ ਵਰਖਾ ਕਰਦੇ ਹਨ ਤੇ ਮੰਨਿਆ ਜਾਂਦਾ ਹੈ ਕਿ ਇਸ ਨਾਲ ਸਾਰੇ ਪਾਪ ਧੋਤੇ ਜਾਂਦੇ ਹਨ। ਪਰ ਪਿਛਲੇ ਕੁਝ ਸਾਲਾਂ ਤੋਂ ਹੋਲੀ ਪਾਣੀ ਤੋਂ ਇਲਾਵਾ ਰੰਗਾਂ ਨਾਲ ਵੀ ਖੇਡੀ ਜਾ ਰਹੀ ਹੈ।

**3. ਮਾਰੀਸ਼ਸ**

ਸਮੁੰਦਰੀ ਤੱਟਾਂ ਤੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਮਾਰੀਸ਼ਸ ’ਚ, ਹੋਲੀ ਬਸੰਤ ਪੰਚਮੀ ਤੋਂ ਸ਼ੁਰੂ ਹੁੰਦੀ ਹੈ ਅਤੇ ਪੂਰਾ ਮਹੀਨਾ ਜਾਰੀ ਰਹਿੰਦੀ ਹੈ। ਇਸ ਤੋਂ ਇਲਾਵਾ ਇੱਥੇ ਹੋਲਿਕਾ ਦਹਨ ਵੀ ਕੀਤਾ ਜਾਂਦਾ ਹੈ। ਇਸ ਸਮੇਂ ਇੱਥੇ ਆਉਣ ਵਾਲੇ ਸੈਲਾਨੀ ਵੀ ਹੋਲੀ ਦੇ ਤਿਉਹਾਰ ਦਾ ਹਿੱਸਾ ਬਣ ਜਾਂਦੇ ਹਨ।

**4. ਅਫਰੀਕਾ**

ਅਫਰੀਕੀ ਦੇਸ਼ਾਂ ’ਚ, ਹੋਲਿਕਾ ਦਹਨ ਵਰਗੀ ਇੱਕ ਪਰੰਪਰਾ ਹੈ ਜਿਸਨੂੰ ਓਮੇਨਾ ਬੌਂਗਾ ਕਿਹਾ ਜਾਂਦਾ ਹੈ। ਜਿਸ ’ਚ ਅੱਗ ਬਾਲ ਕੇ ਭੋਜਨ ਦੇਵਤਾ ਨੂੰ ਯਾਦ ਕੀਤਾ ਜਾਂਦਾ ਹੈ ਅਤੇ ਲੋਕ ਰਾਤ ਭਰ ਇਸ ਅੱਗ ਦੇ ਦੁਆਲੇ ਨੱਚਦੇ ਤੇ ਗਾਉਂਦੇ ਹਨ।

**5. ਥਾਈਲੈਂਡ**

ਥਾਈਲੈਂਡ ’ਚ, ਹੋਲੀ ਦੇ ਤਿਉਹਾਰ ਨੂੰ ਸੋਂਗਕ੍ਰਾਨ ਕਿਹਾ ਜਾਂਦਾ ਹੈ। ਇਸ ਦਿਨ ਲੋਕ ਭਿਕਸ਼ੂਆਂ ਤੋਂ

## ਹੋਲੀ

ਸਭ ਪਾਸੇ ਅੱਜ ਰੰਗ ਨੇ ਬਿਖ਼ਰੇ,
ਗਲੀਆਂ ਦੇ ਵਿੱਚ ਬੱਚੇ ਨਿਤੱਰੇ.

ਨੀਲੇ, ਪੀਲੇ, ਲਾਲ, ਗੁਲਾਬੀ,
ਕਈਆਂ ਦੇ ਹੱਥ ਰੰਗ ਉਨਾਬੀ.

ਭੱਜਣ ਪਿੱਛੇ ਬੱਚੇ ਭਰ ਪਿਚਕਾਰੀ,
ਬਚਣੇ ਦੀ ਕਈ ਕਰਨ ਤਿਆਰੀ.

ਟਿੱਕਾ ਲਾ ਕਈਆਂ ਨੇ ਜਤਾਇਆ,
ਰੰਗਾਂ ਦੇ ਵਿੱਚ ਮੋਹ ਸਮਾਇਆ.

ਰਾਧੇ ਸ਼ਾਮ ਦਾ ਰਾਸ ਰਚਾਇਆ,
ਉਨ੍ਹਾਂ ਦਾ ਮਿਲ ਗੁਣਗਾਣ ਹੈ ਗਾਇਆ.

ਇੱਕਠੇ ਹੋ ਕੇ ਸਭ ਸੱਜਣ ਬੇਲੀ,
ਫੁੱਲਾਂ ਸੰਗ ਕਈਆਂ ਨੇ ਹੋਲੀ ਖੇਲੀ.

ਹੋਲਿਕਾ ਦਾਹਨ ਕਰ ਮਨਾਉਂਦੇ ਹੋਲੀ,
ਗੀਤਾਂ ਆਪਣੀਆਂ ਨਾਲ ਮਨਾਵਣ ਹੋਲੀ.

ਇਹੋ ਪਿਆਰ ਦਾ ਇਜ਼ਹਾਰ ਹੈ ‘ਫ਼ਕੀਰਾ’,
ਜੋ ਮਿਲਵਰਤਣ ਦਾ ਦੱਸੇ ਵਤੀਰਾ.

ਸਭ ਲਈ ਖ਼ੁੱਸ਼ੀਆਂ ਲੈ ਕੇ ਆਵੇ ਹੋਲੀ,
ਪਿਆਰ ਦੇ ਰੰਗਾਂ ਨਾਲ ਭਰ ਦੇਵੇ ਝੋਲੀ.

ਸਭ ਲਈ ਖ਼ੁੱਸ਼ੀਆਂ ਲੈ ਕੇ ਆਵੇ ਹੋਲੀ,
ਪਿਆਰ ਦੇ ਰੰਗਾਂ ਨਾਲ ਭਰ ਦੇਵੇ ਝੋਲੀ.

**ਵਿਨੋਦ ਫ਼ਕੀਰਾ,ਸਟੇਟ ਐਵਾਰਡੀ,**
**ਲੇਖਕ ਪੰਜਾਬੀ ਭਾਸ਼ਾ ਵਿਭਾਗ,ਪਟਿਆਲਾ,ਪੰਜਾਬ ਅਤੇ**
**ਲੇਖਕ ਪੰਜਾਬੀ ਸਾਹਿਤਕ ਅਕਦਮੀ, ਹਰਿਆਣਾ,ਪੰਚਕੂਲਾ,**
**ਵਿਨੋਦ ਕੁਮਾਰ ਵਾਲੀ ਗਲੀ.**
**ਆਰੀਆ ਨਗਰ, ਕਰਤਾਰਪੁਰ,**
**ਜਲੰਧਰ।**



ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਸ਼ੁੱਕਰਵਾਰ, 18 ਮਾਰਚ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ ਰੋਜਾਨਾ ਲੋਕ ਬਾਣੀ ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 379 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ 'ਲੋਕ ਬਾਣੀ' ਦੇ ਪਾਠਕਾਂ ਨੂੰ ਹੋਲੀ ਦੀਆਂ
ਲੱਖ-ਲੱਖ ਮੁਬਾਰਕਾਂ

## ਡਾਕਟਰ ਪਤੀ ਪਤਨੀ ਘਰੋਂ
## 5.44 ਕਰੋੜ ਦੀ ਬੇਨਾਮੀ ਜਾਇਦਾਦ ਮਿਲੀ





**ਜਬਲਪੁਰ/ਲੋਕ ਬਾਣੀ**

ਮੱਧ ਪ੍ਰਦੇਸ਼ ਦੇ ਜਬਲਪੁਰ ਵਿਚ ਅੱਜ ਆਰਥਿਕ ਅਪਰਾਧ ਸੈੱਲ (ਈ. ਓ. ਡਬਲਿਊ.) ਨੇ ਨੇਤਾ ਸੁਭਾਸ਼ ਚੰਦਰ ਬੋਸ ਮੈਡੀਕਲ ਕਾਲਜ ਵਿਚ ਪ੍ਰੋਫੈਸਰ ਦੇ ਅਹੁਦੇ 'ਤੇ ਬਿਰਾਜਮਾਨ ਡਾਕਟਰ ਜੋੜੇ ਦੇ ਘਰ ਛਾਪਾ ਮਾਰਿਆ। ਇਸ ਛਾਪੇਮਾਰੀ ਦੌਰਾਨ ਟੀਮ ਨੇ ਡਾਕਟਰ ਜੋੜੇ ਕੋਲ 5.44 ਕਰੋੜ ਦੀ ਬੇਨਾਮੀ ਜਾਇਦਾਦ ਦਾ ਖੁਲਾਸਾ ਕੀਤਾ ਹੈ। ਈ. ਓ. ਡਬਲਿਊ. ਜਬਲਪੁਰ ਦੇ ਪੁਲਸ ਸੁਪਰਡੈਂਟ ਦੇਵੇਂਦਰ ਸਿੰਘ ਰਾਜਪੂਤ ਨੇ ਦੱਸਿਆ ਕਿ ਜੋੜੇ ਖਿਲਾਫ ਆਮਦਨ ਤੋਂ ਵਧ ਜਾਇਦਾਦ ਇਕੱਠੀ ਕਰਨ ਦੀ ਸ਼ਿਕਾਇਤ ਮਿਲੀ ਸੀ। ਇਸ 'ਤੇ ਈ. ਓ. ਡਬਲਿਊ. ਨੇ ਸੀ. ਓ. ਡੀ. ਕਾਲੋਨੀ ਅਤੇ ਐੱਮ. ਆਈ. ਜੀ. ਕਾਲੋਨੀ ਧਨਵੰਤੀ ਨਗਰ ਵਿਚ ਛਾਪਾ ਮਾਰਿਆ।

ਟੀਮ ਦੇ ਅਧਿਕਾਰੀਆਂ ਨੇ ਦੱਸਿਆ ਕਿ ਪਲਾਟ 'ਤੇ ਨਿਰਮਾਣ ਕੰਮ ਵਿਚ ਲਗਭਗ 2 ਕਰੋੜ 35 ਲੱਖ ਰੁਪਏ ਖਰਚ ਕੀਤੇ ਗਏ ਹਨ। ਬੈਂਕ ਖਾਤੇ ਅਤੇ ਇਨਵੈਂਟਰੀ ਦੇ ਸੰਬੰਧ ਵਿਚ ਜਾਂਚ ਜਾਰੀ ਹੈ। ਐੱਸ. ਪੀ. ਰਾਜਪੂਤ ਨੇ ਦੱਸਿਆ ਕਿ ਮੁੱਢਲੀ ਜਾਂਚ ਵਿਚ ਡਾਕਟਰ ਜੋੜੇ ਵਲੋਂ 5 ਕਰੋੜ 44 ਲੱਖ ਰੁਪਏ ਦੀ ਜਾਇਦਾਦ ਇਕੱਠੀ ਕਰਨਾ ਪਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜੋੜੇ ਦੇ ਤਾਰ ਕਈ ਘੋਟਾਲਿਆਂ ਨਾਲ ਜੁੜੇ ਹੋ ਸਕਦੇ ਹਨ।

## ਪੰਜਾਬ ਵਿੱਚ ਨਸ਼ੇ ਦੇ ਆਦੀ ਹਨ ਲੱਖਾਂ ਨਸ਼ੇੜੀ ਆਪ ਪਾਰਟੀ ਲਈ ਵੱਡੀ ਚੁਣੌਤੀ

**ਚੰਡੀਗੜ੍ਹ/ਵਿਨੋਦ ਸ਼ਰਮਾ**

92 ਸੀਟਾਂ ਨਾਲ ਪੰਜਾਬ ਦੀ ਸੱਤਾ ਉਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਦੇ ਰਾਹ ਵਿੱਚ ਕਈ ਵੱਡੀ ਚੁਨੌਤੀਆਂ ਹਨ। ਆਮ ਆਦਮੀ ਪਾਰਟੀ ਨੇ ਇੱਕ ਕਰੋੜ ਔਰਤਾਂ ਨੂੰ 1000 ਰੁਪਏ ਦੀ ਵਿੱਤੀ ਸਹਾਇਤਾ, 16 ਹਜ਼ਾਰ ਮੁਹੱਲਾ ਕਲੀਨਿਕ ਸਥਾਪਤ ਕਰਨ ਅਤੇ ਬਿਜਲੀ ਮੁਫ਼ਤ ਬਣਾਉਣ ਆਦਿ ਵਾਅਦਿਆਂ ਦੇ ਆਧਾਰ 'ਤੇ ਸੱਤਾ ਸੰਭਾਲੀ ਹੈ। ਜਿਸ ਕਾਰਨ ਪੰਜਾਬ ਵਿੱਚ ਕਾਂਗਰਸ ਦੀ ਕੈਪਟਨ ਸਰਕਾਰ ਸੱਤਾ ਵਿੱਚ ਆਈ ਹੈ, ਨਸ਼ਾ ਇੱਕ ਅਜਿਹਾ ਅਜਗਰ ਹੈ, ਜਿਸ ਨੇ ਕਈ ਨੌਜਵਾਨਾਂ ਨੂੰ ਨਿਗਲ ਲਿਆ ਅਤੇ ਕੈਪਟਨ ਦੀ ਕੁਰਸੀ ਵੀ ਨਿਗਲ ਗਈ। ਕਾਂਗਰਸ ਦੇ ਖਾਤਮੇ ਨਾਲ ਇਹ ਸਿਲਸਿਲਾ ਰੁਕ ਗਿਆ ਜਾਪਦਾ ਹੈ, ਜਦਕਿ ਨਸ਼ਾ ਅਤੇ ਡਰੱਗ ਮਾਫੀਆ ਨੂੰ ਖਤਮ ਕਰਨਾ 'ਆਪ' ਦੇ ਸਾਹਮਣੇ ਵੱਡੀ ਚੁਣੌਤੀ ਹੈ। ਕਿਉਂਕਿ ਨਸ਼ਿਆਂ ਦੀ ਗ੍ਰਿਫ਼ਤ @ਚ ਫਸੇ ਪੰਜਾਬ ਦੇ ਨੌਜਵਾਨ ਇਕ ਦਿਨ @ਚ ਕਰੀਬ 17 ਕਰੋੜ ਰੁਪਏ ਨਸ਼ਿਆਂ @ਤੇ ਖਰਚ ਕਰਦੇ ਹਨ। ਯਾਨੀ ਨੌਜਵਾਨ ਇੱਕ ਮਹੀਨੇ ਵਿੱਚ 6500 ਕਰੋੜ ਰੁਪਏ ਨਸ਼ਿਆਂ 'ਤੇ ਖਰਚ ਕਰ ਰਹੇ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰ ਦਾ ਆਕਾਰ ਕਿੰਨਾ ਵੱਡਾ ਹੋਵੇਗਾ।

## ਮਿਸ ਵਰਲਡ-21 ਬਣੀ ਪੋਲੈਂਡ ਦੀ ਕੈਰੋਲੀਨਾ



**ਲਾਸ ਏਂਜਲਸ/ਲੋਕ ਬਾਣੀ**

ਪੋਲੈਂਡ ਦੀ ਕੈਰੋਲੀਨਾ ਬਿਲਾਵਸਕਾ ਨੇ 'ਮਿਸ ਵਰਲਡ' 2021 ਦਾ ਖਿਤਾਬ ਜਿੱਤ ਲਿਆ ਹੈ। ਭਾਰਤ ਦੀ ਮਨਸਾ ਵਾਰਾਨਸੀ ਮੁਕਾਬਲੇ ਵਿੱਚ 11ਵੇਂ ਸਥਾਨ 'ਤੇ ਰਹੀ। 'ਮਿਸ ਵਰਲਡ' ਦਾ 70ਵਾਂ ਐਡੀਸ਼ਨ ਬੁੱਧਵਾਰ ਨੂੰ ਪੋਰਟੋ ਰੀਕੋ ਦੇ ਕੋਕਾ-ਕੋਲਾ ਮਿਊਜ਼ਿਕ ਹਾਲ 'ਚ ਹੋਇਆ। 'ਮਿਸ ਵਰਲਡ' ਦੀ ਅਧਿਕਾਰਤ ਵੈੱਬਸਾਈਟ ਅਨੁਸਾਰ ਬਿਲਾਵਸਕਾ ਨੂੰ ਸਾਲ 2020 ਦੀ ਜੇਤੂ ਦਾ ਤਾਜ ਜਮਾਇਕਾ ਦੇ ਟੋਨੀ-ਐਨ ਸਿੰਘ ਨੇ ਪਹਿਨਾਇਆ ਸੀ।

## ਵੱਡੇ ਬਾਦਲ ਨੇ ਲਿਖੀ ਸਰਕਾਰ ਨੂੰ ਚਿੱਠੀ



**ਮੋਹਾਲੀ/ਰਕੇਸ਼ ਮਸੀਹ:-** ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਸਰਕਾਰ ਨੂੰ ਚਿੱਠੀ ਲਿਖੀ ਹੈ। ਉਨ੍ਹਾਂ ਨੇ ਇਹ ਚਿੱਠੀ ਟਵੀਟ ਵੀ ਕੀਤੀ ਹੈ। ਉਨ੍ਹਾਂ ਨੇ ਚਿੱਠੀ 'ਚ ਲਿਖਿਆ ਹੈ ਕਿ ਮੇਰੀ ਸਾਬਕਾ ਐੱਮ.ਐੱਲ.ਏ. ਦੇ ਤੌਰ 'ਤੇ ਮੇਰੀ ਬਣਦੀ ਪੈਨਸ਼ਨ ਲੋਕਾਂ ਦੇ ਹਿੱਤਾਂ ਲਈ ਵਰਤੀ ਜਾਵੇ, ਮੈਨੂੰ ਨਾ ਭੇਜੀ ਜਾਵੇ।



## ਪਾਕਿਸਤਾਨੀ ਫੋਜ ਨੇ ਕੀਤਾ ਭਾਰਤੀ ਨਾਗਰਿਕ ਨੂੰ ਭਾਰਤੀ ਫੌਜ ਹਵਾਲੇ

**ਜੰਮੂ/ਲੋਕ ਬਾਣੀ:-** ਪਾਕਿਸਤਾਨੀ ਫੌਜ ਨੇ ਕਰੀਬ 15 ਮਹੀਨੇ ਪਹਿਲਾਂ ਲਾਪਤਾ ਹੋਏ ਇਕ ਭਾਰਤੀ ਨਾਗਰਿਕ ਨੂੰ ਵੀਰਵਾਰ ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ @ਚ ਕੰਟਰੋਲ ਰੇਖਾ (ਐੱਲ. ਓ. ਸੀ.) @ਤੇ ਭਾਰਤੀ ਫੌਜ ਦੇ ਹਵਾਲੇ ਕਰ ਦਿੱਤਾ। ਇਹ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਪੁੰਛ ਦੇ ਕਾਸਬਾ ਪਿੰਡ ਦਾ ਵਸਨੀਕ ਮੁਹੰਮਦ ਜਾਵੇਦ (37) ਦਸੰਬਰ 2020 ਵਿੱਚ ਲਾਪਤਾ ਹੋ ਗਿਆ ਸੀ ਅਤੇ ਉਸ ਦਾ ਕਿਤੇ ਵੀ ਪਤਾ ਨਹੀਂ ਲੱਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਫੌਜ ਨੇ ਹਾਲ ਹੀ @ਚ ਭਾਰਤੀ ਫੌਜ ਨਾਲ ਸੰਪਰਕ ਕੀਤਾ ਅਤੇ ਜਾਵੇਦ ਦੇ ਸਰਹੱਦ ਪਾਰ ਕਰਨ ਦੀ ਸੂਚਨਾ ਦਿੱਤੀ।

## ਭਾਰਤੀ ਰੇਲ ਨੇ ਯਾਤਰੀਆਂ ਲਈ ਕੀਤੀ ਨਵੀਂ ਸ਼ੁਰੂਆਤ

**ਦਿੱਲੀ/ਕਪੂਰ**

ਭਾਰਤੀ ਰੇਲਵੇ ਵੱਲੋਂ ਟਰੇਨਾਂ ਦੀ ਵਾਧੂ ਭੀੜ ਨੂੰ ਧਿਆਨ @ਚ ਰੱਖਦੇ ਹੋਏ ਮੌਜੂਦਾ ਟਰੇਨਾਂ @ਚ ਕੋਚ ਵਧਾਏ ਜਾ ਰਹੇ ਹਨ। ਰੇਲਵੇ ਦੇ ਇਸ ਫੈਸਲੇ ਨਾਲ ਟਰੇਨਾਂ @ਚ ਬਰਥ ਦੀ ਉਪਲਬਧਤਾ ਵਧੇਗੀ। ਇਸ ਦੇ ਨਾਲ ਹੀ ਯਾਤਰੀਆਂ ਦਾ ਸਫਰ ਆਸਾਨ ਹੋ ਜਾਵੇਗਾ। ਉੱਤਰੀ ਪੱਛਮੀ ਰੇਲਵੇ ਨੇ ਆਪਣੇ ਨਿਯੰਤਰਣ ਅਧੀਨ ਚੱਲਣ ਵਾਲੀਆਂ ਦੋ ਜੋੜੀਆਂ ਟਰੇਨਾਂ ਵਿੱਚ ਅਸਥਾਈ ਕੋਚ ਜੋੜਨ ਦਾ ਫੈਸਲਾ ਕੀਤਾ ਹੈ। ਇਹ ਰੇਲ ਗੱਡੀਆਂ ਅਜਮੇਰ-ਅੰਮ੍ਰਿਤਸਰ-ਅਜਮੇਰ ਅਤੇ ਭਗਤ ਕੀ ਕੋਠੀ-ਦਾਦਰ-ਭਗਤ ਕੀ ਕੋਠੀ ਵਿਚਕਾਰ ਚਲਦੀਆਂ ਹਨ। ਇਨ੍ਹਾਂ ਰੇਲਗੱਡੀਆਂ ਵਿੱਚ ਦੂਜੇ ਦਰਜੇ ਦੇ ਅਸਥਾਈ ਕੋਚ ਦੇ ਸ਼ਾਮਲ ਹੋਣ ਨਾਲ ਰਾਜਸਥਾਨ, ਪੰਜਾਬ, ਗੁਜਰਾਤ, ਮਹਾਰਾਸ਼ਟਰ ਦੇ ਲੋਕਾਂ ਨੂੰ ਹੋਲੀ ਤੋਂ ਬਾਅਦ ਵੀ ਨਿਰਵਿਘਨ ਅਤੇ ਆਰਾਮਦਾਇਕ ਆਵਾਜਾਈ ਦੀ ਸਹੂਲਤ ਮਿਲਦੀ ਰਹੇਗੀ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਭਗਵੰਤ ਮਾਨ ਦਾ ਵੱਡਾ ਐਲਾਨ: ਭ੍ਰਿਸ਼ਟਾਚਾਰ ਦੇ ਖਾਤਮੇ ਲਈ 23 ਨੂੰ ਆਪਣਾ ਵਟਸਐਪ ਨੰਬਰ ਜਾਰੀ ਕਰਨਗੇ



**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਵੱਲੋਂ ਦਿੱਲੀ ਦੀ ਤਰਜ਼ ’ਤੇ ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ ਨੰਬਰ ਜਾਰੀ ਕੀਤਾ ਜਾਵੇਗਾ, ਜਿਸ ’ਤੇ ਰਿਸ਼ਵਤ ਦੀ ਮੰਗ ਕਰਨ ਵਾਲੇ ਅਧਿਕਾਰੀਆਂ ਦੀ ਆਡੀਓ ਜਾਂ ਵੀਡੀਓ ਭੇਜੀ ਜਾਵੇਗੀ। ਉਸ ਦੀ ਜਾਂਚ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ। ਇਹ ਨੰਬਰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ’ਤੇ 23 ਮਾਰਚ ਨੂੰ ਜਾਰੀ ਕੀਤਾ ਜਾਵੇਗ। ਇਸ ਗੱਲ ਦਾ ਪ੍ਰਗਟਾਵਾ ਸ੍ਰੀ ਮਾਨ ਨੇ ਵੀਡੀਓ ਜਾਰੀ ਕਰਦਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਰ ਪਾਸੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ, ਜਿਸ ਦਾ ਖਾਤਮਾ ਜ਼ਰੂਰੀ ਹੈ। ਸੂਬੇ ਦੇ 99 ਫ਼ੀਸਦ ਅਧਿਕਾਰੀ ਇਮਾਨਦਾਰ ਹਨ ਪਰ ਇਕ ਫ਼ੀਸਦ ਅਧਿਕਾਰੀ ਬੇਈਮਾਨ ਹਨ। ਇਕ ਫ਼ੀਸਦ ਭ੍ਰਿਸ਼ਟ ਅਧਿਕਾਰੀਆਂ ਕਰਕੇ 99 ਫ਼ੀਸਦ ਨੂੰ ਬੇਈਮਾਨ ਨਹੀਂ ਹੋਣ ਦਿੱਤਾ ਜਾਵੇਗਾ। ਪੁਰਾਣੀਆਂ ਪਾਰਟੀਆਂ ਦੀ ਤਰ੍ਹਾਂ ‘ਆਪ’ ਨੂੰ ਕਿਸੇ ਰਿਸ਼ਵਤ ਦੇ ਪੈਸੇ ਦੀ ਲੋੜ ਨਹੀਂ ਹੈ। ਉਨ੍ਹਾਂ ਪੁਲੀਸ ਅਧਿਕਾਰੀਆਂ ਨੂੰ ਵੀ ਇਮਾਨਦਾਰੀ ਨਾਲ ਕੰਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਉਪਰੋਂ ਕੋਈ ਫੋਨ ਨਹੀਂ ਆਵੇਗਾ, ਨਾ ਪੈਸਿਆ ਲਈ, ਨਾ ਤਬਾਦਲੇ ਲਈ ਹੁਣ ਲੋਕਾਂ ਦੇ ਕੰਮ ਇਮਾਨਦਾਰੀ ਨਾਲ ਕੀਤੇ ਜਾਣਗੇ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਪੰਜਾਬ ਲਈ ਕੋਈ ਵੱਡਾ ਐਲਾਨ ਕਰ ਸਕਦੇ ਹਨ। ਇਸ ਗੱਲ ਦਾ ਪ੍ਰਗਟਾਵਾ ਭਗਵੰਤ ਮਾਨ ਨੇ ਟਵੀਟ ਕਰਕੇ ਕੀਤਾ ਹੈ। ਉਨ੍ਹਾਂ ਟਵੀਟ ਕਰਦਿਆਂ ਕਿਹਾ ਕਿ @ਪੰਜਾਬ ਦੇ ਹਿੱਤ @ਚ ਅੱਜ ਇੱਕ ਬਹੁਤ ਵੱਡਾ ਫੈਸਲਾ ਲਿਆ ਜਾਵੇਗਾ। ਪੰਜਾਬ ਦੇ ਇਤਿਹਾਸ ਵਿੱਚ ਅੱਜ ਤੱਕ ਕਿਸੇ ਨੇ ਵੀ ਅਜਿਹਾ ਫ਼ੈਸਲਾ ਨਹੀਂ ਲਿਆ ਹੋਵੇਗਾ। ਇਸ ਦਾ ਐਲਾਨ ਕੁਝ ਹੀ ਦੇਰ ਤਕ ਐਲਾਨ ਕਰਾਂਗਾ।

# ਅਸੀਂ ਦਿੱਲੀ ਨੂੰ ਭ੍ਰਿਸ਼ਟਾਚਾਰ ਮੁਕਤ ਕੀਤਾ ਤੇ ਹੁਣ ਪੰਜਾਬ ਦੀ ਵਾਰੀ: ਕੇਜਰੀਵਾਲ



**ਨਵੀਂ ਦਿੱਲੀ/ਲੋਕ ਬਾਣੀ:-** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਰਾਸ਼ਟਰੀ ਰਾਜਧਾਨੀ ਵਿੱਚ ਭ੍ਰਿਸ਼ਟਾਚਾਰ ਦਾ ਖਾਤਮਾ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਪੰਜਾਬ ਦੇ ਹਮਰੁਤਬਾ ਭਗਵੰਤ ਮਾਨ ਅਤੇ ਉਨ੍ਹਾਂ ਦੇ ਮੰਤਰੀ ਹੁਣ ਪੰਜਾਬ ਵਿੱਚ ਵੀ ਇਮਾਨਦਾਰ ਸਰਕਾਰ ਚਲਾਉਣਗੇ। ਉਨ੍ਹਾਂ ਸ੍ਰੀ ਮਾਨ ਵੱਲੋਂ 23 ਮਾਰਚ ਨੂੰ ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ ਨੰਬਰ ਜਾਰੀ ਕਰਨ ਦੇ ਐਲਾਨ ਦਾ ਸੁਆਗਤ ਕੀਤਾ।

# ਕਾਲਕਾ ਵੱਲੋਂ ਨਵੀਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਬਣਾਉਣ ਦਾ ਐਲਾਨ



**ਨਵੀਂ ਦਿੱਲੀ/ਲੋਕ ਬਾਣੀ**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਅੱਜ ਵੱਖਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਬਣਾਉਣ ਦਾ ਐਲਾਨ ਕਰ ਦਿੱਤਾ। ਇਹ ਐਲਾਨ ਉਨ੍ਹਾਂ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ।

# ‘ਦਿ ਕਸ਼ਮੀਰ ਫਾਈਲਜ਼’ ਉੱਤੇ ਸਿਆਸਤ ਨਹੀਂ, ਮਕਬੂਜ਼ਾ ਕਸ਼ਮੀਰ ਨੂੰ ਦੇਸ਼ ’ਚ ਮਿਲਾਉਣ ਦੀ ਗੱਲ ਕਰੇ: ਰਾਊਤ

**ਮੁੰਬਈ/ਲੋਕ ਬਾਣੀ**

ਸ਼ਿਵ ਸੈਨਾ ਆਗੂ ਸੰਜੈ ਰਾਊਤ ਨੇ ਕਿਹਾ ਕਿ ਭਾਜਪਾ ਫ਼ਿਲਮ ‘ਦਿ ਕਸ਼ਮੀਰ ਫਾਈਲਜ਼’ ਨੂੰ ਟੈਕਸ ਤੋਂ ਛੋਟ ਦੇਣ ਦੇ ਮਸਲੇ ਉੱਤੇ ਸਿਆਸਤ ਕਰਨ ਦੀ ਥਾਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਨੂੰ ਮੁੜ ਦੇਸ਼ ਵਿਚ ਮਿਲਾਉਣ ਦੀ ਗੱਲ ਕਰੇ। ਰਾਊਤ ਨੇ ਕਿਹਾ ਕਿ ਸ਼ਿਵ ਸੈਨਾ ਨੇ ਆਪਣੇ ਬਾਨੀ ਤੇ ਮਰਹੂਮ ਆਗੂ ਬਾਲ ਠਾਕਰੇ ਦੀ ਜ਼ਿੰਦਗੀ ’ਤੇ ਬਣੀ ਫ਼ਿਲਮ ਲਈ ਵੀ ਟੈਕਸ ਛੋਟ ਦੀ ਮੰਗ ਨਹੀਂ ਕੀਤੀ ਸੀ। ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਨੇ ‘ਦਿ ਕਸ਼ਮੀਰ ਫਾਈਲਜ਼’ ਨੂੰ ਸੂਬੇ ’ਚ ਟੈਕਸ ਛੋਟ ਦੇਣ ਦੀ ਭਾਜਪਾ ਦੀ ਮੰਗ ਬੁੱਧਵਾਰ ਨੂੰ ਰੱਦ ਕਰ ਦਿੱਤੀ ਸੀ। ਪਵਾਰ ਨੇ ਕਿਹਾ ਸੀ ਕਿ ਜੇਕਰ



ਕੇਂਦਰ ਸਰਕਾਰ ਨੇ ਫਿਲਮ ਨੂੰ ਜੀਐੱਸਟੀ ’ਚ ਛੋਟ ਦੇ ਦਿੱਤੀ ਹੈ ਤਾਂ ਇਸ ਦਾ ਲਾਹਾ ਪੂਰੇ ਦੇਸ਼ ਵਿੱਚ ਮਿਲੇਗਾ।



## ਰਾਮ ਸ਼ਰਨਮ ਕਲੋਨੀ ਵਿੱਚ ਪੂਰੇ ਜੋਸ਼ ਨਾਲ ਮਨਾਇਆ ਗਿਆ ਹੋਲੀ-ਮੁਹੱਲਾ

**ਗੁਰਦਾਸਪੁਰ/ਨਵਨੀਤ ਕੁਮਾਰ**

ਗੁਰਦਾਸਪੁਰ ਸ਼ਹਿਰ ਦੀ ਰਾਮ ਸ਼ਰਨਮ ਕਲੋਨੀ ਵਿੱਚ ਹੋਲੇ-ਮੁਹੱਲੇ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਜਿਸ ਦੇ ਸਬੰਧ ਵਿੱਚ ਅਤੁੱਟ ਲੰਗਰ ਵੀ ਲਗਾਇਆ ਗਿਆ। ਸੰਗਤਾਂ ਵੱਲੋਂ ਬੜੀ ਸ਼ਰਧਾ ਨਾਲ ਲੰਗਰ ਪ੍ਰਵਾਨ ਕੀਤਾ ਗਿਆ। ਇਸ ਮੋਕੇ ਕਲੋਨੀ ਵਾਸੀਆਂ ਵੱਲੋਂ ਪੂਰੇ ਜੋਸ਼ ਨਾਲ ਇਸ ਤਿਉਹਾਰ ਦਾ ਆਨੰਦ ਲਿਆ । ਇਸ ਮੌਕੇ ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ, ਰਾਮ ਸ਼ਰਮਾ, ਭੁਪਿੰਦਰ ਸਿੰਘ, ਗੋਰੀ ਸ਼ਰਮਾ, ਰਵਿੰਦਰ ਖੰਨਾ, ਰਣਜੀਤ ਸਿੰਘ, ਰਜਿੰਦਰ ਸਿੰਘ, ਹਰਮੀਤ ਸਿੰਘ, ਧਜਲ ਸਿੰਘ, ਕੁਲਜੀਤ ਸਿੰਘ ਅਤੇ ਹਰਵਿੰਦਰ ਸਿੰਘ ਆਦਿ ਹਾਜ਼ਰ ਸਨ ।

## ਭਗਵੰਤ ਸਿੰਘ ਮਾਨ ਸਣੇ ਨਵੇਂ ਵਿਧਾਇਕਾਂ ਨੇ ਸਹੁੰ ਚੁੱਕੀ

**ਚੰਡੀਗੜ੍ਹ/ਲੋਕ ਬਾਣੀ:-** 16ਵੀਂ ਵਿਧਾਨ ਸਭਾ ਦਾ ਪਹਿਲਾ ਸੈਸ਼ਨ ਵੀਰਵਾਰ ਨੂੰ ਪ੍ਰੋ-ਟੈਮ ਸਪੀਕਰ ਇੰਦਰਬੀਰ ਸਿੰਘ ਨਿੱਝਰ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਦਨ ਦੇ ਮੈਂਬਰ ਵਜੋਂ ਸਹੁੰ ਚੁਕਾਉਣ ਨਾਲ ਸ਼ੁਰੂ ਕੀਤਾ। ਸ੍ਰੀ ਮਾਨ ਦੇ ਸਹੁੰ ਚੁੱਕਣ ਤੋਂ ਬਾਅਦ ਸਪੀਕਰ ਨੇ ਸਭ ਤੋਂ ਪਹਿਲਾਂ ਸਭਾ ਦੀਆਂ ਸਾਰੀਆਂ ਮਹਿਲਾ ਮੈਂਬਰਾਂ ਨੂੰ ਸਹੁੰ ਚੁਕਾਈ।

# ਮਹਾਰਾਸ਼ਟਰ: ਨਕਸਲੀ ਜੋੜੇ ਨੇ ਕੀਤਾ ਆਤਮ-ਸਮਰਪਣ, 20 ਲੱਖ ਰੁਪਏ ਦਾ ਸੀ ਇਨਾਮ

**ਗੜ੍ਹਚਿਰੌਲੀ/ਲੋਕ ਬਾਣੀ**

ਮਹਾਰਾਸ਼ਟਰ ਦੇ ਨਕਸਲ ਪ੍ਰਭਾਵਿਤ ਗੜ੍ਹਚਿਰੌਲੀ ਜ਼ਿਲ੍ਹੇ ’ਚ ਇਕ ਨਕਸਲੀ ਜੋੜੇ ਨੇ ਪੁਲਸ ਸਾਹਮਣੇ ਆਤਮ-ਸਮਰਪਣ ਕਰ ਦਿੱਤਾ। ਜੋੜੇ ਦੇ ਸਿਰ ’ਤੇ 20 ਲੱਖ ਰੁਪਏ ਦਾ ਇਨਾਮ ਸੀ। ਪੁਲਸ ਦੇ ਇਕ ਅਧਿਕਾਰੀ ਨੇ ਬੁੱਧਵਾਰ ਨੂੰ ਦੱਸਿਆ ਕਿ ਏਟਾਪੱਲੀ ਤਹਿਸੀਲ ’ਚ ਗਡੇਰੀ ਪਿੰਡ ਵਾਸੀ ਦੀਪਕ ਉਰਫ਼ ਮੁੰਸ਼ੀ ਰਾਮਸੂ ਇਸ਼ਤਮ (34) ਅਤੇ ਉਸ ਦੀ ਪਤਨੀ ਸ਼ਬੱਟੀ ਨੇਵਰੂ ਆਲਮ (25) ਨੇ ਗੜ੍ਹਚਿਰੌਲੀ ਦੇ ਐੱਸ. ਪੀ. ਅੰਕਿਤ ਗੋਇਲ ਸਾਹਮਣੇ ਆਤਮ-ਸਮਰਪਣ ਕਰ ਦਿੱਤਾ।



ਆਲਮ ਛੱਤੀਸਗੜ੍ਹ ਦੇ ਹਿਡਵਾੜਾ ਦੀ ਰਹਿਣ ਵਾਲੀ ਹੈ। ਉਨ੍ਹਾਂ ਨੇ ਦੱਸਿਆ ਕਿ ਜੋੜੇ ’ਤੇ ਕੁੱਲ ਮਿਲਾ ਕੇ 20 ਲੱਖ ਰੁਪਏ ਤਕ ਦਾ ਇਨਾਮ ਸੀ। ਅਧਿਕਾਰੀ ਮੁਤਾਬਕ ਦੀਪਕ 3 ਕਤਲ, 8 ਐਨਕਾਊਂਟਰ ਅਤੇ ਅੱਗਜਨੀ ਦੀਆਂ ਦੋ ਘਟਨਾਵਾਂ ’ਚ ਸ਼ਾਮਲ ਸੀ। ਉਸ ਨੇ ਘਾਤ ਲਾ ਕੇ 6 ਹਮਲੇ ਵੀ ਕੀਤੇ ਸਨ, ਜਿਨ੍ਹਾਂ ’ਚ ਛੱਤੀਸਗੜ੍ਹ ਦੇ ਵੱਖ-ਵੱਖ ਹਿੱਸਿਆਂ ’ਚ 31 ਪੁਲਸ ਕਰਮੀਆਂ ਦੀ ਮੌਤ ਹੋਈ ਸੀ। ਇਸ ਤਰ੍ਹਾਂ ਦੀਪਕ ਦੀ ਪਤਨੀ ਆਲਮ ਸੁਰੱਖਿਆ ਫੋਰਸ ਨਾਲ ਮੁਕਾਬਲਿਆਂ ’ਚ ਸ਼ਾਮਲ ਸੀ।

## ਆਨਲਾਈਨ ਕਿਸਾਨ ਮੇਲਾ 21 ਮਾਰਚ ਨੂੰ

**ਗੁਰਦਾਸਪੁਰ/ਨਵਨੀਤ ਕੁਮਾਰ**

ਡਾ. ਭੁਪਿੰਦਰ ਸਿੰਘ ਢਿੱਲੋਂ, ਡਾਇਰੈਕਟਰ ਪੀ.ਏ.ਯੂ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਧਰਤੀ, ਪਾਣੀ, ਪੌਣ ਬਚਾਈਏ, ਪੁਸ਼ਤਾਂ ਖਾਤਰ ਧਰਮ ਨਿਭਾਈਏ ਦੇ ਉਦੇਸ਼ ਨਾਲ ਖੇਤਰੀ ਕਿਸਾਨ ਮੇਲਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਕੇਂਦਰ, ਗੁਰਦਾਸਪੁਰ ਵਿਖੇ ਆਨਲਾਈਨ ਮਾਧਿਅਮ ਰਾਹੀਂ 21 ਮਾਰਚ, 2022 ਨੂੰ ਕਰਵਾਇਆ ਜਾ ਰਿਹਾ ਹੈ। ਕਰੋਨਾ ਮਹਾਂਮਾਰੀ ਕਾਰਨ ਇਸ ਕਿਸਾਨ ਮੇਲੇ ਵਿੱਚ ਖੋਜ ਕੇਂਦਰ ਵਿਖੇ ਕਿਸੇ ਤਰ੍ਹਾਂ ਦਾ ਇਕੱਠ ਨਹੀਂ ਕੀਤਾ ਜਾਵੇਗਾ। ਇਸਦਾ ਸਿੱਧਾ ਪ੍ਰਸਾਰਣ ਆਨਲਾਇਨ ਮਾਧਿਅਮ ਰਾਹੀਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਯੂਟਿਊਬ ਚੈਨਲ, ਫੈਸਬੁਕ ਪੇਜ ਅਤੇ ਵੈਬਸਾਇਟ ਤੋਂ ਲਾਈਵ ਕੀਤਾ ਜਾਵੇਗਾ, ਜਿਸ ਦੌਰਾਨ ਕਿਸਾਨ ਯੂਨੀਵਰਸਿਟੀ ਵਲੋਂ ਕੀਤੀਆਂ ਨਵੀਆਂ ਸਿਫਾਰਿਸ਼ਾ ਅਤੇ ਤਕਨੀਕਾਂ ਬਾਰੇ ਭਰਪੂਰ ਜਾਣਕਾਰੀ ਘਰ ਬੈਠੇ ਹੀ ਹਾਸਿਲ ਕਰ ਸਕਣਗੇ।

# ਬਿਜਲੀ ਕਾਮੇ ਵਲੋਂ 28, 29 ਮਾਰਚ ਨੂੰ ਦੇਸ਼ ਵਿਆਪੀ ਹੜਤਾਲ ਦਾ ਸਮਰਥਨ ਅਤੇ ਸ਼ਮੂਲੀਅਤ ਕਰਨਗੇ

**ਪਟਿਆਲਾ/ਜਗਦੀਸ਼**

ਬਿਜਲੀ ਮੁਲਾਜਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਜ਼ ਯੂਨੀਅਨ, ਪੀ.ਐਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ, ਮਨਿਸਟੀਰੀਅਲ ਸਰਵਿਸਜ਼ ਯੂਨੀਅਨ, ਵਰਕਰਜ਼ ਫੈਡਰੇਸ਼ਨ ਇੰਟਕ ਪਾਵਰਕਾਮ ਅਤੇ ਟਰਾਂਸਕੋ, ਇੰਪਲਾਈਜ਼ ਫੈਡਰੇਸ਼ਨ (ਸੁਰਿੰਦਰ ਸਿੰਘ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ), ਥਰਮਲ ਇੰਪਲਾਈਜ਼ ਕੁਆਰਡੀਨੇਸ਼ਨ ਕਮੇਟੀ, ਸਬ ਸਟੇਸ਼ਨ ਸਟਾਫ ਵੈਲਫੇਅਰ ਐਸੋਸੀਏਸ਼ਨ ਅਤੇ ਹੈਡ ਆਫਿਸ ਇੰਪਲਾਈਜ਼ ਫੈਡਰੇਸ਼ਨ ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦੇ ਫੈਸਲੇ ਅਤੇ ਕੇਂਦਰੀ ਪੱਧਰ ਦੀਆਂ ਟਰੇਡ ਯੂਨੀਅਨਾਂ, ਅਜ਼ਾਦ ਫੈਡਰੇਸ਼ਨਾਂ ਸਮੇਤ ਨੈਸ਼ਨਲ ਕੁਆਰਡੀਨੇਟ ਕਮੇਟੀ ਦੇ ਸੱਦੇ ਤੇ 28,29 ਮਾਰਚ ਦੀ ਦੇਸ਼ ਵਿਆਪੀ ਹੜਤਾਲ ਦਾ ਸਮਰਥਨ ਅਤੇ ਸ਼ਮੂਲੀਅਤ ਕਰਨਗੀਆ। ਬਿਜਲੀ ਕਾਮੇ ਪੰਜਾਬ ਦੇ ਸਮੁੱਚੇ ਉਪ ਮੰਡਲ/ ਮੰਡਲ ਦਫਤਰਾਂ ਅੱਗੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਦੀਆਂ ਲੋਕ ਵਿਰੋਧੀ ਮੁਲਾਜਮ ਵਿਰੋਧੀ ਅਤੇ ਦੇਸ਼ ਵਿਰੋਧੀ ਨੀਤੀਆਂ ਦਾ ਰੋਸ ਰੈਲੀਆਂ ਕਰਕੇ ਜੋਰਦਾਰ ਵਿਰੋਧ ਕਰਨਗੇ। ਇਹ ਫੈਸਲਾ ਸਾਥੀ ਕੁਲਦੀਪ ਸਿੰਘ ਖੰਨਾ ਦੀ ਪ੍ਰਧਾਨਗੀ ਹੇਠ ਹੋਈ, ਜੁਆਇੰਟ ਫੋਰਮ ਦੀ ਮੀਟਿੰਗ ਵਿੱਚ ਕੀਤਾ ਗਿਆ।



ਜੁਆਇੰਟ ਫੋਰਮ ਦੇ ਆਗੂਆਂ ਸਰਬ ਸਾਥੀ ਕਰਮਚੰਦ ਭਾਰਦਵਾਜ, ਕੁਲਦੀਪ ਸਿੰਘ ਖੰਨਾ, ਬਲਦੇਵ ਸਿੰਘ ਮੰਢਾਲੀ, ਜਗਰੂਪ ਸਿੰਘ ਮਹਿਮਦਪੁਰ, ਜਗਜੀਤ ਸਿੰਘ ਲਹਿਰਾ, ਬਲਵਿੰਦਰ ਸਿੰਘ ਸੰਧੂ, ਹਰਜਿੰਦਰ ਸਿੰਘ ਦੁਧਾਲਾ, ਅਵਤਾਰ ਸਿੰਘ ਕੈਂਥ, ਕੌਰ ਸਿੰਘ ਸੋਹੀ, ਜਗਜੀਤ ਸਿੰਘ ਕੰਡਾ, ਰਾਮ ਲੁਭਾਇਆ, ਹਰਜੀਤ ਸਿੰਘ, ਰਵੇਲ ਸਿੰਘ ਸਹਾਏਪੁਰ, ਪ੍ਰੀਤਮ ਸਿੰਘ ਪਿੰਡੀ, ਸੁਖਵਿੰਦਰ ਸਿੰਘ, ਸਿਕੰਦਰ ਨਾਥ, ਸੁਖਵਿੰਦਰ ਸਿੰਘ ਚਾਹਲ, ਕਮਲਜੀਤ ਸਿੰਘ, ਗੁਰਦਿੱਤ ਸੰਧੂ, ਇੰਦਰਜੀਤ ਸਿੰਘ ਢਿੱਲੋਂ, ਨਛੱਤਰ ਸਿੰਘ, ਹਰਮੇਸ਼ ਧੀਮਾਨ, ਬ੍ਰਿਜ ਲਾਲ, ਮਨਜੀਤ ਕੁਮਾਰ ਨੇ ਦੱਸਿਆ ਕਿ ਇਹ ਦੋ ਰੋਜਾ ਹੜਤਾਲ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਆਰਥਿਕ ਅਤੇ ਸਨਅਤੀ ਨੀਤੀਆਂ ਅਤੇ ਨਿਜੀਕਰਨ ਵਿਰੁੱਧ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਨਿਜੀਕਰਨ ਦੀ ਨੀਤੀ ਤਹਿਤ ਪਬਲਿਕ ਸੈਕਟਰ ਦੇ ਅਦਾਰਿਆਂ ਰੇਲਵੇ, ਬੈਂਕ, ਬੀਮਾ, ਬੰਦਰਗਾਹਾਂ, ਸੜਕਾਂ ਆਦਿ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ, ਬਿਜਲੀ ਸੋਧ ਬਿੱਲ ਰਾਹੀਂ ਪਾਵਰ ਖੇਤਰ ਦਾ ਨਿਜੀਕਰਨ ਕਰਕੇ ਸਰਮਾਏਦਾਰ ਅਤੇ ਨਿਜੀ ਕੰਪਨੀਆਂ ਨੂੰ ਜਲਦੀ ਸੌਂਪਣ ਲਈ ਬਿਲ ਪਾਸ ਕਰਵਾ ਰਹੀ ਹੈ। ਜਿਸ ਨਾਲ ਬੇਰੋਜਗਾਰੀ, ਗਰੀਬੀ, ਮਹਿੰਗਾਈ, ਬੇਕਾਰੀ ਵਧੇਗੀ। ਬਿਜਲੀ ਦੇ ਰੇਟਾਂ ਵਿੱਚ ਅਥਾਹ ਵਾਧਾ ਹੋਵੇਗਾ। ਬਿਜਲੀ ਕਿਸਾਨਾਂ ਅਤੇ ਆਮ ਖਪਤਕਾਰਾਂ ਦੀ ਪਹੁੰਚ ਤੋਂ ਬਾਹਰ ਹੋਵੇਗੀ। ਕੇਂਦਰ ਸਰਕਾਰ ਫਿਰਕੂ ਤਾਕਤਾਂ ਨੂੰ ਸਹਿ ਦੇ ਰਹੀ ਹੈ। ਜਿਸ ਨਾਲ ਦੇਸ਼ ਦੀ ਏਕਤਾ ਅਖੰਡਤਾ ਨੂੰ ਭਾਰੀ ਖਤਰਾ ਪੈਦਾ ਹੋਵੇਗੀ। ਇਨ੍ਹਾਂ ਆਗੂਆਂ ਨੇ ਮੰਗ ਕੀਤੀ ਕਿ ਪਬਲਿਕ ਸੈਕਟਰ ਦਾ ਨਿਜੀਕਰਨ ਬੰਦ ਕੀਤਾ ਜਾਵੇ, ਸੰਯੁਕਤ ਕਿਸਾਨ ਮੋਰਚੇ ਨਾਲ ਕੀਤੇ ਫੈਸਲੇ ਅਨੁਸਾਰ ਤਿੰਨ ਕਾਲੇ ਕਾਨੂੰਨ ਰੱਦ ਕਰਨ ਉਪਰੰਤ ਐਮ.ਐਸ.ਪੀ. ਲਾਗੂ ਕੀਤੀ ਜਾਵੇ। ਬੇਰੁਜਗਾਰੀ ਦੂਰ ਕਰਨ ਲਈ ਨਵੀਂ ਭਰਤੀ ਅਤੇ ਘੱਟੋ—ਘੱਟ ਉਜਰਤਾ ਵਿੱਚ ਵਾਧਾ ਕੀਤਾ ਜਾਵੇ। ਲੇਬਰ ਕਾਨੂੰਨਾਂ ਵਿੱਚ ਮਜਦੂਰ ਵਿਰੋਧੀ ਸੋਧਾਂ ਵਾਪਸ ਲੈਣ ਅਤੇ ਟਰੇਡ ਯੂਨੀਅਨ ਅਧਿਕਾਰਾਂ ਤੇ ਛਾਪਾ ਬੰਦ ਕੀਤਾ ਜਾਵੇ। ਬਿਜਲੀ ਸੋਧ ਬਿੱਲ 2020 ਵਾਪਸ ਲਿਆ ਜਾਵੇ। ਪੁਰਾਨੀ ਪੈਨਸ਼ਨ ਸਕੀਮ ਬਹਾਲ ਕਰਨ, ਕੱਚੇ ਕਾਮੇ ਪੱਕੇ ਕਰਨ, ਸੂਬਿਆਂ ਦੇ ਅਧਿਕਾਰਾਂ ਤੇ ਡਾਕਾ ਮਾਰਨਾ ਬੰਦ ਕਰਨ, ਮਨਰੇਗਾ ਸਕੀਮ ਮਜਬੂਤ ਕਰਕੇ ਰੁਜਗਾਰ ਦੇਣ ਆਦਿ ਮੰਗਾਂ ਮੰਨਣ ਤੇ ਸਮਾਜਿਕ ਸੁਰੱਖਿਆ ਦੀ ਮੰਗ ਕੀਤੀ। ਉਨ੍ਹਾਂ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵਲੋਂ ਨਿਜੀਕਰਨ ਕਰਨ ਦੀਆਂ ਨੀਤੀਆਂ ਬੰਦ ਕਰਨ ਅਤੇ ਜਥੇਬੰਦੀਆਂ ਨਾਲ ਕੀਤੇ ਸਮਝੌਤੇ ਅਤੇ ਮੰਨੀਆਂ ਮੰਗਾਂ ਲਾਗੂ ਕਰਨ ਅਤੇ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਕੇ ਬਣਦਾ ਬਕਾਇਆ ਫੌਰੀ ਦੇਣ, ਮੁਲਾਜਮਾਂ ਦੀਆਂ ਤਰੱਕੀਆਂ ਕਰਨ ਅਤੇ ਨਵੀਂ ਭਰਤੀ ਰਾਹੀਂ ਖਾਲੀ ਪੋਸਟਾਂ ਭਰਨ ਦੀ ਮੰਗ ਕੀਤੀ ਤਾਂ ਜੋ ਪੈਡੀ ਸੀਜਨ ਵਿੱਚ ਖਪਤਕਾਰਾਂ ਨੂੰ ਵਧੀਆ ਸੇਵਾਵਾਂ ਤੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਸਕੇ। ਇਨ੍ਹਾਂ ਆਗੂਆਂ ਨੇ ਦੱਸਿਆ ਕਿ ਬਿਜਲੀ ਮੁਲਾਜਮ ਏਕਤਾ ਮੰਚ ਦੇ ਕਨਵੀਨਰ ਸਾਥੀ ਹਰਭਜਨ ਸਿੰਘ ਪਿਲਖਣੀ ਦੀ ਜਥੇਬੰਦੀ ਵੱਲੋਂ ਵੀ 28, 29 ਮਾਰਚ ਨੂੰ ਬਿਜਲੀ ਦਫਤਰਾਂ ਅੱਗੇ ਸਾਂਝੀਆਂ ਰੋਸ ਰੈਲੀਆਂ ਕਰਕੇ ਹੜਤਾਲ ਦਾ ਸਮਰਥਨ ਤੇ ਸਮੂਲੀਅਤ ਕੀਤੀ ਜਾਵੇਗੀ।

# ਪਸ਼ੂ ਪਾਲਣ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ



**ਪਟਿਆਲਾ/ਜਗਦੀਸ਼**

ਪਸ਼ੂ ਪਾਲਣ ਵਿਭਾਗ ਦੇ ਡਾਕਟਰ ਗੁਰਬਖਸ਼ ਸਿੰਘ ਗਿੱਲ ਵੱਲੋਂ ਰਾਕੇਸ਼ ਕੁਮਾਰ ਸਫਾਈ ਸੇਵਕ ਨੂੰ ਅਪਸ਼ਬਦ, ਗਾਲੀ ਗਲੋਚ, ਜਾਤੀ ਸੂਚਕ ਸ਼ਬਦ ਬੋਲਦਾ ਹੈ। ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਗਿਆ ਹੈ। ਮਿਤੀ 21—03—2022 ਨੂੰ ਪਸ਼ੂ ਪਾਲਣ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ। ਡਾ. ਗੁਰਬਖਸ਼ ਸਿੰਘ ਗਿੱਲ ਦਾ ਕਰਮਚਾਰੀਆਂ ਪ੍ਰਤੀ ਬੋਲਣ ਦਾ ਮਾੜਾ ਵਤੀਰਾ ਹੈ। ਜਿਸ ਕਰਕੇ ਕਰਮਚਾਰੀ ਇਸ ਅਧਿਕਾਰੀ ਖਿਲਾਫ ਭਾਰੀ ਰੋਸ ਰੈਲੀ ਕਰਨਗੇ। ਜਿਸ ਦੀ ਜਿੰਮੇਵਾਰੀ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਦੀ ਹੋਵੇਗੀ।

ਇਸ ਧਰਨੇ ਨੂੰ ਸੰਬੋਧਨ ਕਰਦਿਆਂ ਜਸਵੀਰ ਖੋਖਰ ਨੇ ਕਿਹਾ ਕਿ ਡਾਕਟਰ ਗੁਰਬਖਸ਼ ਸਿੰਘ ਗਿੱਲ ਨੂੰ ਚੇਤਾਵਨੀ ਦਿੱਤੀ ਕਿ ਕਰਮਚਾਰੀਆਂ ਪ੍ਰਤੀ ਆਪਣਾ ਵਤੀਰਾ ਸਹੀ ਤੇ ਠੀਕ ਹੋਵੇ। ਇਸ ਮੌਕੇ ਲਖਵਿੰਦਰ ਸਿੰਘ ਪਟਿਆਲਾ, ਮਾਨ ਸਿੰਘ, ਦਰਸ਼ਨ ਬੇਲੂਮਾਜਰਾ, ਭਜਨ ਸਿੰਘ ਲੰਗ, ਦਰਸ਼ਨ ਰੌਂਗਲਾ, ਮਸਤ ਰਾਮ, ਰਾਜਿੰਦਰ ਸਿੰਘ ਧਾਲੀਵਾਲ, ਚਮਕੌਰ ਸਿੰਘ, ਬਲਵਿੰਦਰ ਸਿੰਘ ਆਦਿ ਨੇ ਇਸ ਅਧਿਕਾਰੀ ਖਿਲਾਫ ਆਪਣੀ ਭੜਾਸ ਕੱਢੀ।

# ਮਰਦਿਆ ਨੂੰ ਬਚਾਉਣਾ ਦਾ ਗਿਆਨ ਵੰਡਣਾ ਸਰਵੋਤਮ ਪਰਉਪਕਾਰ ਭਲਾਈ ਦੇ ਕਾਰਜ ਹਨ



**ਪਟਿਆਲਾ/ਜਗਦੀਸ਼**

ਸਰਕਾਰੀ ਮਹਿੰਦਰਾ ਕਾਲਜ ਦੇ ਐਨ ਐਸ ਐਸ ਵਲੰਟੀਅਰਾਂ ਦੇ ਕੈਪ ਵਿਖੇ ਬੇਸਿਕ ਫਸਟ ਏਡ ਸੀ ਪੀ ਆਰ ਵੈਂਟੀਲੇਟਰ ਬਣਾਉਟੀ ਸਾਹ ਕਿਰਿਆ ਦਿਲ ਮਿਰਗੀ ਦੇ ਦੌਰੇ ਖ਼ੂਨ ਵਗਣ ਸਾਹ ਦਿਲ ਦਿਮਾਗ ਬੰਦ ਹੋਣ ਤੇ ਮਰਦੇ ਇਨਸਾਨ ਪਰਿਵਾਰਕ ਮੈਂਬਰਾਂ ਨੂੰ ਮਰਨ ਤੋਂ ਬਚਾਉਣ ਦੀ ਟ੍ਰੇਨਿੰਗ ਦੇਕੇ ਨੋਜਵਾਨਾਂ ਨੂੰ ਭਾਈ ਘਨੱਈਆ ਜੀ ਵਾਂਗ ਸਰਬੱਤ ਦੇ ਭਲੇ ਹਿਤ ਨਿਸ਼ਕਾਮ ਭਾਵਨਾ ਨਾਲ ਤਿਆਰ ਕਰਨ ਹਿਤ ਸ੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜ਼ਿਲ੍ਹਾ ਟ੍ਰੇਨਿੰਗ ਅਫਸਰ ਪਟਿਆਲਾ ਜੰਗੀ ਪੱਧਰ ਤੇ 40/42 ਸਾਲਾਂ ਤੋਂ ਯਤਨਸ਼ੀਲ ਹਨ ਅਤੇ 40 ਸਾਲਾਂ ਵਿੱਚ ਲੱਖਾਂ ਨੌਜਵਾਨਾਂ ਪੁਲਿਸ ਫੈਕਟਰੀ ਕਰਮਚਾਰੀਆਂ ਵਿਦਿਆਰਥੀਆਂ ਅਧਿਆਪਕਾਂ ਨ ਐਸ ਐਸ ਵਲੰਟੀਅਰਾਂ ਅਤੇ ਐਨ ਸੀ ਸੀ ਕੈਡਿਟਾਂ ਨੂੰ ਇਹ ਫਸਟ ਏਡ ਫਾਇਰ ਸੇਫਟੀ ਸਿਹਤ ਸੰਭਾਲ ਨਸ਼ਿਆ ਅਪਰਾਧਾਂ ਹਾਦਸਿਆਂ ਬਿਮਾਰੀਆਂ ਆਫਤ ਪ੍ਰਬੰਧਨ ਦੀ ਟ੍ਰੇਨਿੰਗ ਦੇ ਚੁੱਕੇ ਹਨ ਇਹ ਜਾਣਕਾਰੀ ਸ੍ਰੀ ਜਤਵਿੰਦਰ ਸਿੰਘ ਗਰੇਵਾਲ ਨੇ ਵਲੰਟੀਅਰਾਂ ਨੂੰ ਦਿਤੇ। ਸ੍ਰੀ ਕਾਕਾ ਰਾਮ ਵਰਮਾ ਨੇ ਵਲੰਟੀਅਰਾਂ ਨੂੰ ਉਤਸਾਹਿਤ ਕਰਨ ਹਿਤ ਸਰਟੀਫਿਕੇਟ ਅਤੇ ਡਾ ਰਿਸਮਾ ਕੋਹਲੀ ਵਲੋਂ ਮੈਡਲ ਵੀ ਦਿੱਤੇ ਅਤੇ ਸਾਹ ਨਬਜ ਦੀ ਜਾਚ ਕਰਨ ਸੀਪੀਆਰ ਬਣਾਉਟੀ ਸਾਹ ਦੇਣ ਬਲੱਡ ਪ੍ਰੈਸ਼ਰ ਸੂਗਰ ਆਕਸੀਜਨ ਲੇਵਲ ਘੱਟਣ ਤੇ ਵੈਂਟੀਲੇਟਰ ਬਣਾਉਟੀ ਸਾਹ ਕਿਰਿਆ ਬਾਰੇ ਪ੍ਰੈਕਟੀਕਲ ਸਿਖਲਾਈ ਦਿੰਦੇ ਹੋਏ ਬੇਨਤੀ ਕੀਤੀ ਕਿ ਆਪਣੇ ਆਪ ਨੂੰ ਸੰਭਾਲਦੇ ਬਚਾਕੇ ਰੱਖਣਾ ਅਤੇ ਜਖਮੀਆਂ ਪੀੜਤਾਂ ਨੂੰ ਘਰ ਮਹੱਲੇ ਸੜਕਾਂ ਤੇ ਜਿੰਦਗੀ ਬਚਾਉਣ ਲਈ ਤੁਰੰਤ ਜਰੂਰ ਮਦਦ ਕਰਦੇ ਰਹਿਣਾ ਕਿਉਂਕਿ ਘਰ ਦੇ ਮੈਂਬਰਾਂ ਲਈ ਹਰੇਕ ਜਿੰਦਗੀ ਬਹੁਤ ਅਨਮੋਲ ਹੈ। ਕੈਪ ਪ੍ਰੋਗਰਾਮ ਅਫਸਰ ਪ੍ਰੋਫੈਸਰ ਜਤਿੰਦਰ ਜੈਨ ਸੁਨੀਤਾ ਆਰੋੜਾ ਡਾ ਸੁਵੀਰ ਕਮਲਜੀਤ ਅਤੇ ਮੋਨਿਕਾ ਗੋਇਲ ਅਤੇ ਸਾਰੇ ਵਿਦਿਆਰਥੀਆਂ ਨੇ ਸ੍ਰੀ ਕਾਕਾ ਰਾਮ ਵਰਮਾ ਸ੍ਰੀ ਜਤਵਿੰਦਰ ਗਰੇਵਾਲ ਅਤੇ ਆਪਣੇ ਕਾਲਜ ਪ੍ਰਿੰਸੀਪਲ ਦਾ ਧੰਨਵਾਦ ਕੀਤਾ ਅਤੇ ਪ੍ਰਣ ਕੀਤਾ ਕਿ ਉਹ ਸੇਫਟੀ ਬਚਾਓ ਮਦਦ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਹਰੇਕ ਪੀੜਤ ਦੀ ਮਦਦ ਜਰੂਰ ਕਰਨਗੇ ਅਤੇ ਫਸਟ ਏਡ ਦੀ ਟਰੇਨਿੰਗ ਲੈਣ ਲਈ ਵਿਸ਼ੇਸ ਕੈਪ ਲਗਾਇਆ ਜਾਵੇਗਾ।

Website : www.lokbani.com
lokbani08@gmail.com

# ਲਾਹੌਰ ਵਿੱਚ ਗੁਰਭਜਨ ਗਿੱਲ ਦਾ ਗ਼ਜ਼ਲ ਸੰਗ੍ਰਹਿ ਸੁਰਤਾਲ ਸ਼ਾਹਮੁਖੀ ਚ ਬਾਬਾ ਨਜਮੀ ਤੇ ਸਾਥੀਆਂ ਵੱਲੋਂ ਲੋਕ ਅਰਪਨ




**ਲਾਹੌਰ/ਕਰਨ ਅਗਰਵਾਲ**

ਲਾਹੌਰ ਵਿੱਚ 31ਵੀਂ ਵਿਸ਼ਵ ਪੰਜਾਬੀ ਮੌਕੇ ਗੁਰਭਜਨ ਗਿੱਲ ਦਾ ਗ਼ਜ਼ਲ ਸੰਗ੍ਰਹਿ ਸੁਰਤਾਲ ਸ਼ਾਹਮੁਖੀ ਚ ਬਾਬਾ ਨਜਮੀ ਤੇ ਸਾਥੀਆਂ ਵੱਲੋਂ ਲੋਕ ਅਰਪਨ ਕੀਤੀ ਗਈ। ਪੁਸਤਕ ਬਾਰੇ ਬੋਲਦਿਆਂ ਨੌਜਵਾਨ ਪੰਜਾਬੀ ਕਵੀ ਅਫਜ਼ਲ ਸਾਹਿਰ ਨੇ ਕਿਹਾ ਕਿ 1999 ਵਿੱਚ ਮੈਂ ਗੁਰਭਜਨ ਗਿੱਲ ਜੀ ਨੂੰ ਲੁਧਿਆਣਾ ਚ ਪ੍ਰੋ? ਮੋਹਨ ਸਿੰਘ ਫਾਉਂਡੇਸ਼ਨ ਦੀ ਮੀਟਿੰਗ ਵਿੱਚ ਸ? ਜਗਦੇਵ ਸਿੰਘ ਜੱਸੋਵਾਲ ਨਾਲ ਮਿਲਿਆ ਸਾਂ। ਉਸ ਦਿਨ ਤੋਂ ਬਾਦ ਮੈਂ ਉਨਾਂ ਦੀ ਸ਼ਾਇਰੀ ਦਾ ਹਮਸਫ਼ਰ ਹਾਂ। ਬਾਬਾ ਨਜਮੀ ਨੇ ਕਿਹਾ ਕਿ ਗੁਰਭਜਨ ਗਿੱਲ ਸਾਹਿਬ ਨਾਲ ਮੇਰੀ ਸ਼ਬਦ ਸਾਂਝ ਹੀ ਸੱਜਣਤਾਈ ਦੀ ਬੁਨਿਆਦ ਹੈ। ਸੁਰਤਾਲ ਬਾਰੇ ਮੈਂ ਗੁਰਮੁਖੀ ਅਤੇ ਸ਼ਾਹਮੁਖੀ ਐਡੀਸ਼ਨਾਂ ਵਿੱਚ ਲਿਖਿਆ ਵੀ ਹੈ। ਸੁਰਤਾਲ ਨੂੰ ਮੁਦੱਸਰ ਬੱਟ ਮੁੱਖ ਸੰਪਾਦਕ ਭੁਲੇਖਾ, ਬਾਬਾ ਨਜਮੀ, ਅਫ਼ਜ਼ਲ ਸਾਹਿਰ, ਡਾ? ਦੀਪਕ ਮਨਮੋਹਨ ਸਿੰਘ, ਡਾ? ਅਬਦਾਲ ਬੇਲਾ, ਹਰਵਿੰਦਰ ਚੰਡੀਗੜ੍ਹ, ਗੁਰਬਖ਼ਸ਼ ਕੌਰ ਰਾਏ ਅਤੇ ਦਰਸ਼ਨ ਬੁੱਟਰ ਨੇ ਲੋਕ ਅਰਪਨ ਕੀਤਾ। ਇਸ ਮੌਕੇ ਗੁਰਭਜਨ ਗਿੱਲ ਅਤੇ ਉਨ੍ਹਾਂ ਦੀ ਜੀਵਨ ਸਾਥਣ ਜਸਵਿੰਦਰ ਕੌਰ ਗਿੱਲ ਨੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਫੁਲਕਾਰੀ ਪਹਿਨਾ ਕੇ ਸਨਮਾਨਿਤ ਕੀਤਾ।ਇਸ ਮੌਕੇ ਉੱਘੇ ਲੇਖਕ ਜ਼ੁਬੈਰ ਅਹਿਮਦ,ਡਾ? ਦਿਲਸ਼ਾਦ ਟਿਵਾਣਾ, ਨਾਸਿਰ ਢਿੱਲੋਂ, ਵੱਕਾਸ ਅਹਿਮਦ, ਆਸਿਫ਼ ਖਾਨ, ਰੁਖਸਾਨਾ ਭੱਟੀ, ਕਮਰ ਮਹਿਦੀ, ਮੁਹੰਮਦ ਇਦਰੀਸ ਤਬੱਸੁਮ, ਸ਼ਫੀਆ ਹਯਾਤ , ਸਾਨੀਆ ਸ਼ੇਖ, ਆਸਿਫ਼ ਰਜ਼ਾ, ਜਹਾਂਗੀਰ ਹਯਾਤ,ਲੇਖਕ ਹਰਵਿੰਦਰ ਚੰਡੀਗੜ੍ਹ ਵਫ਼ਦ ਦੇ ਕੋਆਰਡੀਨਰ ਲੇਖਕ ਸਹਿਜਪ੍ਰੀਤ ਮਾਂਗਟ , ਪੰਜਾਬੀ ਅਕਾਡਮੀ ਦਿੱਲੀ ਦੇ ਸਾਬਕਾ ਸਕੱਤਰ ਗੁਰਭੇਜ ਸਿੰਘ ਗੋਰਾਇਆ, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ? ਕੁਲਬੀਰ ਗੋਜਰਾ ,ਗੁਰਤੇਜ ਕੋਹਾਰਵਾਲਾ, ਦਲਜੀਤ ਸਿੰਘ ਸ਼ਾਹੀ , ਡਾ? ਸਾਂਵਲ ਧਾਮੀ , ਜਗਤਾਰ ਭੁੱਲਰ ਤੇ ਹੋਰ ਅਨੇਕਾਂ ਨਾਮਵਰ ਲੇਖਕ ਸ਼ਾਮਿਲ ਸਨ।

# ਡਿਪਟੀ ਕਮਿਸ਼ਨਰ ਲੁਧਿਆਣਾ ਦੀ ਪ੍ਰਧਾਨਗੀ ਹੇਠ ਹੋਈ ਕਾਰਜਕਾਰੀ ਮੀਟਿੰਗ



**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਜ਼ਿਲ੍ਹਾ ਪੱਧਰੀ ਮਾਈਕਰੋ ਤੇ ਲਘੂ ਉਦਯੋਗ ਸੁਵਿਧਾ ਕੌਂਸਲ ਦੀ 170ਵੀਂ ਕਾਰਜਕਾਰੀ ਮੀਟਿੰਗ ਅੱਜ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਬਤੌਰ ਕੋਆਰਡੀਨੇਟਰ ਨੀਰੂ ਕਤਿਆਲ, ਕੌਂਸਲ ਦੇ ਮੈਂਬਰਾਂ ਵਜੋਂ ਐਡਵੋਕੇਟ ਹਿਮਾਂਸ਼ੂ ਵਾਲੀਆ, ਲੀਡ ਜ਼ਿਲ੍ਹਾ ਮੈਨੇਜਰ ਲੁਧਿਆਣਾ ਸੰਜੇ ਕੁਮਾਰ ਗੁਪਤਾ, ਮੈਂਬਰ ਸਕੱਤਰ ਰਾਕੇਸ਼ ਕਾਂਸਲ, ਜਨਰਲ ਮੈਨੇਜਰ ਕਮ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਲੁਧਿਆਣਾ ਹਾਜ਼ਰ ਸਨ। ਅੱਜ ਦੀ ਮੀਟਿੰਗ ਲਈ ਲਗਭਗ 80 ਕੇਸ ਸੂਚੀਬੱਧ ਕੀਤੇ ਗਏ ਸਨ ਅਤੇ 80 ਕੇਸਾਂ ਦਾ ਫੈਸਲਾ ਕੀਤਾ ਗਿਆ 23 ਹਵਾਲਾ ਦਾਅਵਿਆਂ ਦੀ ਪਟੀਸ਼ਨ, ਜਿਸ ਵਿੱਚੋਂ 12 ਕੇਸਾਂ ਦੀ ਇਜਾਜ਼ਤ ਦਿੱਤੀ ਗਈ ਅਤੇ 11 ਨੂੰ ਕਾਨੂੰਨੀ ਆਧਾਰਾਂ ਜਿਵੇਂ ਕਿ ਲਿਮਟ, ਰਜਿਸਟ੍ਰੇਸ਼ਨ ਅਤੇ ਹੋਰ ਆਧਾਰਾਂ @ਤੇ ਖਾਰਜ ਕੀਤਾ ਗਿਆ। ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਲੁਧਿਆਣਾ ਰਾਕੇਸ਼ ਕੁਮਾਰ ਕਾਂਸਲ ਨੇ ਅੱਗੇ ਦੱਸਿਆ ਕਿ ਝਗੜਿਆਂ ਦੇ ਸੁਹਿਰਦ ਨਿਪਟਾਰੇ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ ਅਤੇ ਐਮ.ਐਸ.ਐਮ.ਈ. ਵਿਕਾਸ ਐਕਟ 2006 ਦੇ ਉਪਬੰਧ ਅਨੁਸਾਰ ਮਾਈਕਰੋ ਤੇ ਲਘੂ ਉਦਯੋਗਾਂ ਦੇ ਦੇਰੀ ਨਾਲ ਅਦਾਇਗੀਆਂ ਨਾਲ ਸਬੰਧਤ ਮਸਲਿਆਂ ਦੇ ਨਿਪਟਾਰੇ ਲਈ ਪਲੇਟਫਾਰਮ ਪ੍ਰਦਾਨ ਕੀਤਾ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਰਾਜੀਨਾਮੇ ਦੀ ਕਾਰਵਾਈ ਹਰ ਮੰਗਲਵਾਰ ਨੂੰ ਕੀਤੀ ਜਾਂਦੀ ਹੈ, ਜਦੋਂ ਕਿ ਸਾਲਸੀ ਦੀ ਕਾਰਵਾਈ ਹਰ ਵੀਰਵਾਰ ਨੂੰ ਕੀਤੀ ਜਾਂਦੀ ਹੈ। ਜਿਲ੍ਹਾ ਪ੍ਰੀਸ਼ਦ ਦੇ ਮੈਂਬਰ ਵਜੋਂ ਐਡਵੋਕੇਟ ਹਿਮਾਂਸ਼ੂ ਵਾਲੀਆ ਨੇ ਕਿਹਾ ਕਿ ਭਾਗੀਦਾਰਾਂ ਨੂੰ ਇਸ ਅਰਧ ਨਿਆਂਇਕ ਅਥਾਰਟੀ ਦਾ ਲਾਹਾ ਲੈਣਾ ਚਾਹੀਦਾ ਹੈ ਅਤੇ ਨਾਲ ਹੀ ਇਹ ਵੀ ਜਾਣੂੰ ਕਰਵਾਇਆ ਗਿਆ ਕਿ ਇਸ ਜਿਲ੍ਹਾ ਪ੍ਰੀਸ਼ਦ ਦੁਆਰਾ ਐਲਾਨੇ ਗਏ ਅਵਾਰਡ ਦਾ ਐਮ.ਐਸ.ਐਮ.ਈ. ਦੇਵ ਐਕਟ 2006 ਦੇ ਉਪਬੰਧਾਂ ਅਨੁਸਾਰ ਓਵਰਰਾਈਡ ਪ੍ਰਭਾਵ ਹੈ।

# ਭਾਵਾਧਸ ਨੇ 2000 ਸਫਾਈ ਕਰਮਚਾਰੀਆਂ ਦੀ ਨਵੀਂ ਭਰਤੀ ਅਤੇ ਇਨ੍ਹਾਂ ਦੇ ਹਿੱਤਾਂ ਸਬੰਧੀ ਨਗਰ ਨਿਗਮ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ



**ਪਟਿਆਲਾ/ਜਗਦੀਸ਼**

ਨਗਰ ਨਿਗਮ ਪਟਿਆਲਾ ਵਿਖੇ 2000 ਸਫਾਈ ਕਰਮਚਾਰੀਆਂ ਦੀ ਨਵੀਂ ਭਰਤੀ ਕਰਨ, ਪੜੇ ਲਿਖੇ ਐਸ.ਸੀ. ਕੈਟਾਗਰੀ ਦੇ ਕੱਚੇ ਕਰਮਚਾਰੀਆਂ ਨੂੰ ਪਹਿਲ ਦੇ ਆਧਾਰ ਤੇ ਪੱਕੇ ਕਰਨ, ਅਫਸਰਾਂ, ਅਧਿਕਾਰੀਆਂ ਦੀਆਂ ਕੋਠੀਆਂ *ਚ ਕੰਮ ਕਰਨ ਵਾਲੇ ਨਗਰ ਨਿਗਮ ਸਫਾਈ ਕਰਮਚਾਰੀਆਂ ਨੂੰ ਉਨ੍ਹਾਂ ਦੀ ਤੈਨਾਤੀ ਅਨੁਸਾਰ ਫੀਲਡ ਵਿੱਚ ਡਿਊਟੀਆਂ ਲਗਵਾਉਣ ਸਬੰਧੀ ਭਾਰਤੀਯ ਵਾਲਮੀਕਿ ਧਰਮ ਸਮਾਜ (ਭਾਵਾਧਸ) ਵਲੋਂ ਰਾਸ਼ਟਰੀ ਸਲਾਹਕਾਰ ਵੀਰ ਪ੍ਰੇਮ ਖੋੜਾ ਦੀ ਅਗਵਾਈ ਵਿੱਚ ਨਗਰ ਨਿਗਮ ਕਮਿਸ਼ਨਰ ਕੇਸ਼ਵ ਹਗੋਨਿਆਂ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਜਿਸ ਵਿੱਚ ਵੀਰ ਪ੍ਰੇਮ ਖੋੜਾ ਨੇ ਅਤੇ ਸਮੂੰਹ ਵਾਲਮੀਕਿ ਭਾਈਚਾਰੇ ਨੇ ਪੁਰਜੋਰ ਮੰਗ ਕਰਦਿਆ ਕਿਹਾ ਕਿ 20 ਸਾਲ ਪਹਿਲਾਂ ਨਗਰ ਨਿਗਮ ਵਿੱਚ 1200 ਦੇ ਕਰੀਬ ਸਫਾਈ ਸੇਵਕ ਸਨ, ਜਿਨ੍ਹਾਂ ਵਿਚੋਂ ਕੁੱਝ ਸੇਵਾ ਮੁਕਤ ਅਤੇ ਕੁੱਝ ਸਵਰਗ ਸਿਧਾਰ ਗਏ ਹਨ। ਇਸ ਤੋਂ ਬਾਅਦ ਨਗਰ ਨਿਗਮ ਵਿੱਚ ਸਫ਼ਾਈ ਕਰਮਚਾਰੀਆਂ ਦੀ ਕੋਈ ਭਰਤੀ ਨਹੀਂ ਕੀਤੀ ਗਈ। ਜਦੋਂ ਕਿ ਪਟਿਆਲਾ ਸ਼ਹਿਰ ਦਾ ਖੇਤਰਫਲ 20 ਗੁਣਾ ਵੱਧ ਚੁੱਕਾ ਹੈ, ਤੇ ਸਫ਼ਾਈ ਕਰਮਚਾਰੀਆਂ ਦੀ ਗਿਣਤੀ ਅੱਜ 500 ਤੋਂ ਵੀ ਘੱਟ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਆਊਟ ਸੋਰਸਿੰਗ (ਅਦਰ ਕਾਸਟ) ਕਰਮਚਾਰੀਆਂ ਨੂੰ ਵੱਡੇ ਅਧਿਕਾਰੀਆਂ ਦੀਆਂ ਕੋਠੀਆਂ ਵਿੱਚੋਂ ਕੱਢਕੇ ਸ਼ਹਿਰ ਦੇ ਵਿਕਾਸ ਸਫਾਈ ਦੇ ਕੰਮ ਲਗਾਇਆ ਜਾਵੇ ਅਤੇ ਪਿਛਲੇ ਲੰਮੇ ਸਮੇਂ ਤੋਂ ਕੱਚੇ ਨਿਗਮ ਕਾਮੇ ਘੱਟ ਤਨਖਾਹਾਂ ਦੇ ਕੰਮ ਕਰਕੇ ਆਪਣੇ ਘਰਾਂ ਦਾ ਗੁਜਾਰਾ ਬੜੀ ਮੁਸ਼ਕਿਲ ਨਾਲ ਕਰਦੇ ਆ ਰਹੇ ਹਨ। ਜਿਨ੍ਹਾਂ ਨੂੰ ਬਰਾਬਰ ਕੰਮ ਦੇ ਅਨੁਸਾਰ ਬਰਾਬਰ ਤਨਖਾਹ ਦਿੱਤੀ ਜਾਵੇ। ਵੀਰ ਪ੍ਰੇਮ ਖੋੜਾ ਨੇ ਮੰਗ ਪੱਤਰ ਵਿੱਚ ਕੁੱਝ ਨਗਰ ਨਿਗਮ ਦੇ ਅਧਿਕਾਰੀਆਂ ਤੇ ਦੋਸ਼ ਲਗਾਉਂਦਿਆ ਕਿਹਾ ਕਿ ਪੱਕੇ ਤੌਰ ਤੇ ਨਗਰ ਨਿਗਮ ਪਟਿਆਲਾ ਵਿਖੇ ਸੇਵਾ ਨਿਭਾਉਣ ਵਾਲੀ ਸਫਾਈ ਸੇਵਿਕਾ ਕਿਰਨਾ ਪਤਨੀ ਲਾਲ ਚੰਦ ਨੂੰ ਬਿਨਾਂ ਜਾਣਕਾਰੀ ਦਿੱਤੇ ਗਲਤ ਢੰਗ ਨਾਲ ਸੇਵਾ ਮੁਕਤ ਕੀਤਾ ਗਿਆ ਹੈ, ਜਿੰਮੇਵਾਰ ਅਫਸਰਾਂ ਤੇ ਕਾਰਵਾਈ ਕੀਤੀ ਜਾਵੇ। ਜਦੋਂ ਕਿ ਕੱਚੇ ਕਰਮਚਾਰੀਆਂ ਤੋਂ ਦੋ ਦੋ ਏਰੀਆ ਵਿੱਚ ਵੱਧ ਕੰਮ ਲਿਆ ਜਾ ਰਿਹਾ ਹੈ। ਉਨ੍ਹਾਂ ਨਗਰ ਨਿਗਮ ਪਟਿਆਲਾ ਦੀ ਹਦੂਦ ਅੰਦਰ ਆਮ ਲੋਕਾਂ ਅਤੇ ਰਾਹਗੀਰਾਂ ਲਈ ਬਣੀਆਂ ਸੜਕਾਂ ਤੇ ਲੱਗੇ ਨਜਾਇਜ ਗੇਟ ਅਤੇ ਜਾਨਲੇਵਾ ਰੈਂਪ ਹਟਾਏ ਜਾਣ ਦੀ ਮੰਗ ਵੀ ਕੀਤੀ। ਇਸ ਮੌਕੇ ਰਾਜੇਸ਼ ਸਭਰਵਾਲ, ਰਾਮ ਗਿੱਲ, ਸੋਨੂੰ ਮਾਜਰੀ, ਸੋਨੂੰ ਭਲਵਾਨ, ਦੀਪਕ ਵਾਲਮੀਕਿ, ਵਿਕਾਸ ਅਟਵਾਲ, ਜਸਵੰਤ ਸਿੰਘ ਸੰਤ, ਰਾਹੁਲ ਕੰਡੇਰ, ਲਾਲੀ, ਸੀਮਾ ਵੈਦ, ਬਲਜਿੰਦਰ ਸਿੰਘ, ਸੁਖਦੇਵ ਸਿੰਘ ਬੰਟੀ, ਕੁਲਵੰਤ ਸਿੰਘ, ਨਵਜੋਤ ਆਦਿ ਹਾਜਰ ਸਨ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜਿਲੇ ਪਟਿਆਲੇ ਤੋਂ 25 ਮਾਰਚ ਨੂੰ ਹਜਾਰਾਂ ਟਰੈਕਟਰਾਂ ਨਾਲ ਚੰਡੀਗੜ੍ਹ ਵੱਲ ਮਾਰਚ ਕਰਨਗੇ



**ਪਟਿਆਲਾ/ਜਗਦੀਸ਼**

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜਿਲੇ ਪਟਿਆਲੇ ਤੋਂ 25 ਮਾਰਚ ਨੂੰ ਹਜਾਰਾਂ ਟਰੈਕਟਰਾਂ ਨਾਲ ਚੰਡੀਗੜ੍ਹ ਵੱਲ ਮਾਰਚ ਕਰਨਗੇ। ਜਿੱਥੇ ਗੁਰਦੁਆਰਾ ਅੰਬ ਸਾਹਿਬ ਵਿਖੇ ਟਰੈਕਟਰ ਮਾਰਚ ਨੂੰ ਰੋਕ ਗਵਰਨਰ ਹਾਊਸ ਵੱਲ ਪੈਦਲ ਮਾਰਚ ਕਰਦੇ ਹੋਏ ਪੰਜਾਬ ਦੇ ਗਵਰਨਰ ਨੂੰ ਇੱਕ ਮੰਗ ਪੱਤਰ ਸੌਂਪਿਆ ਜਾਵੇਗਾ।

ਬਲਾਕ ਪਟਿਆਲੇ ਦੀ ਅੱਜ ਦੀ ਮੀਟਿੰਗ ਜੋ ਗੁਰਦੁਆਰਾ ਪ੍ਰਮੇਸ਼ਵਰ ਦੁਆਰ ਵਿਖੇ ਹੋਈ। ਜਿਸ ਵਿੱਚ ਵੱਖ—ਵੱਖ ਪਿੰਡਾਂ ਤੋਂ ਇਕਾਈਆਂ ਦੇ ਨੁਮਾਇੰਦਿਆ ਨਾਲ ਗੱਲਬਾਤ ਕਰਦਿਆਂ ਡਾ. ਦਰਸ਼ਨ ਪਾਲ ਵਲੋਂ ਸੰਯੁਕਤ ਕਿਸਾਨ ਮੋਰਚਾ ਜੋ ਹਮੇਸ਼ਾ ਸਿਆਸੀ ਪਾਰਟੀਆਂ ਤੋਂ ਦੂਰੀ ਬਣਾ ਕੇ ਚੱਲ ਰਿਹਾ ਸੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕੁੱਝ ਕਿਸਾਨ ਆਗੂ ਜੋ ਇਸ ਵਿੱਚ ਸ਼ਾਮਲ ਸਨ ਪਰੰਤੂ ਵੋਟਾਂ ਵੇਲੇ ਫਟਾਫਟ ਆਪਣੀਆਂ ਜਥੇਬੰਦੀਆਂ ਬਣਾ ਕੇ ਇਲੈਕਸ਼ਨ ਵਿੱਚ ਜਾਣ ਕਾਰਨ ਹੀ ਉਹਨਾਂ ਨੂੰ ਚਾਰ ਮਹੀਨੇ ਲਈ ਮੋਰਚੇ ਤੋਂ ਬਾਹਰ ਕਰ ਦਿੱਤਾ ਸੀ। ਪਰੰਤੂ ਉਹਨਾਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਬਰਾਬਰ ਮੀਟਿੰਗਾਂ ਬੁਲਾਉਣੀਆਂ, ਆਗੂਆਂ ਬਾਰੇ ਗਲਤ ਬਿਆਨਬਾਜੀ ਕਰਨ ਕਰਕੇ ਜਿੱਥੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ, ਉੱਥੇ ਐਸ.ਕੇ.ਐਮ. ਵਿੱਚ ਸ਼ਾਮਲ ਦੂਸਰੇ ਸੂਬੇ ਦੀਆਂ ਕਿਸਾਨ ਜਥੇਬੰਦੀਆਂ ਵਿੱਚੋਂ ਵੀ ਆਪਣੀ ਅਤੇ ਪੰਜਾਬ ਦੇ ਕਿਸਾਨਾਂ ਦੀ ਸੰਘਰਸ਼ ਮਈ ਨਿਭਾਈ ਗਈ ਭੂਮਿਕਾ ਨੂੰ ਵੀ ਬੇਵਜਾਹ ਨਿਕਾਰਨ ਦਾ ਯਤਨ ਕਰ ਰਹੇ ਹਨ। ਜਿਸ ਕਾਰਨ ਲੋਕ ਉਹਨਾਂ ਨੂੰ ਕਦੇ ਮੁਆਫ ਨਹੀਂ ਕਰਨਗੇ। ਉਹਨਾਂ ਕਿਸਾਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ, ਪਹਿਲਾਂ ਇਸ ਵਿਚੋਂ ਬਾਹਰ ਰਹਿ ਗਈਆਂ ਸਨ ਉਹਨਾ ਦੇ ਸ਼ਾਮਲ ਹੋਣ ਨਾਲ ਸੰਯੁਕਤ ਕਿਸਾਨ ਮੋਰਚਾ ਹੋਰ ਮਜਬੂਤ ਹੋਇਆ ਹੈ ਅਤੇ ਇਹਨਾਂ ਪਾਰਟੀ ਬਣਾਉਣ ਵਾਲੀਆਂ ਜਥੇਬੰਦੀਆਂ ਨੂੰ ਆਪਣੀ ਜਥੇਬੰਦੀ ਦੀ ਹੋਂਦ ਬਚਾਉਣੀ ਔਖੀ ਹੋ ਜਾਵੇਗੀ। ਪੰਜਾਬ ਦੇ ਕਿਸਾਨ ਹੁਣ ਇੰਨੇ ਕੁ ਸਿਆਣੇ ਹੋ ਗਏ ਹਲ ਕਿ ਉਹਨਾ ਨੂੰ ਹੁਣ ਅਜਿਹੇ ਆਗੂ ਗੁੰਮਰਾਹ ਨਹੀਂ ਕਰ ਸਕਣਗੇ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਅਤੇ ਸੰਯੁਕਤ ਕਿਸਾਂਨ ਮੋਰਚੇ ਵਲੋਂ ਦਿੱਤੇ ਗਏ ਹਰ ਸੱਦੇ ਨੂੰ ਕਾਮਯਾਬ ਕਰਨ ਵਿੱਚ ਆਪਣੀ ਪੂਰੀ ਵਾਹ ਲਾਵੇਗੀ ਅਤੇ ਸੰਯੁਕਤ ਕਿਸਾਨ ਮੋਰਚੇ ਨੂੰ ਕਿਸੇ ਵੀ ਪਾਰਟੀ ਦਾ ਮੋਹਰਾ ਨਹੀਂ ਬਣਨ ਦਿੱਤਾ ਜਾਵੇਗਾ। ਅੱਜ ਦੀ ਮੀਟਿੰਗ ਵਿੱਚ ਸ਼ਾਮਲ ਸੂਬਾ ਖਜਾਨਚੀ ਗੁਰਮੀਤ ਸਿੰਘ ਦਿੱਤੂਪੁਰ, ਜਿਲ੍ਹਾ ਪ੍ਰਧਾਨ ਜੰਗ ਸਿੰਘ ਭਟੇੜੀ, ਸ਼ਿੰਗਾਰਾ ਸਿੰਘ, ਹੀਰਾ ਸਿੰਘ, ਚਰਨ ਸਿੰਘ, ਨਿਰਮਲ ਸਿੰਘ ਫਤਿਹਪੁਰ, ਅਵਤਾਰ ਸਿੰਘ ਕੌਰਜੀਵਾਲਾ, ਕਰਮਜੀਤ ਸਿੰਘ ਛੰਨਾ, ਮਨਜੀਤ ਸਿੰਘ ਮਹਿਮਦਪੁਰ, ਜਗਰੂਪ ਸਿੰਘ ਜਾਹਲਾ, ਆਦਿ ਹਾਜਰ ਸਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 32ਵੀਂ ਕੌਮੀ ਤਲਵਾਰਬਾਜ਼ੀ 'ਚ ਪੰਜਾਬ ਦੇ ਲੜਕੇ ਅਤੇ ਕੇਰਲਾ ਦੀਆਂ ਲੜਕੀਆਂ ਨੇ ਜਿੱਤੀ ਚੈਂਪੀਅਨਸ਼ਿਪ



**ਅੰਮ੍ਰਿਤਸਰ/ਨੇਹਾ ਗਿੱਲ**

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਬਹੁ-ਮੰਤਵੀ ਹਾਲ ਵਿਚ ਹੋਈ ਚਾਰ ਰੋਜ਼ਾ 32ਵੀਂ ਕੌਮੀ ਤਲਵਾਰਬਾਜੀ ਚੈਂਪੀਅਨਸ਼ਿਪ 'ਚ ਪੰਜਾਬ ਦੇ ਲੜਕਿਆਂ ਨੇ 25 ਅੰਕ ਅਤੇ ਕੇਰਲਾ ਦੀਆਂ ਲੜਕੀਆਂ ਨੇ 27 ਅੰਕ ਪ੍ਰਾਪਤ ਕਰਕੇ ਓਵਰਆਲ ਚੈਂਪੀਅਨਸ਼ਿਪ ਜਿੱਤੀ । ਲੜਕਿਆਂ 'ਚੋ ਦੂਸਰੇ ਸਥਾਨ 'ਤੇ 24 ਅੰਕ ਲੈ ਕੇ ਐਸ ਐਸ ਸੀ ਬੀ ਆਰਮੀ ਦੀ ਟੀਮ ਅਤੇ 9 ਅੰਕ ਪ੍ਰਾਪਤ ਕਰਕੇ ਛਤੀਸਗੜ ਦੀ ਟੀਮ ਤੀਸਰੇ ਸਥਾਨ 'ਤੇ ਆਈ । ਇਸੇ ਤਰਾਂ ਲੜਕੀਆਂ 'ਚੋ ਕੇਰਲਾ ਦੀ ਟੀਮ ਨੇ 27 ਅੰਕਾਂ ਨਾਲ ਪਹਿਲਾ, ਪੰਜਾਬ ਦੀ ਟੀਮ ਨੇ 16 ਅੰਕ ਲੈ ਕੇ ਦੂਸਰਾ ਅਤੇ ਮਨੀਪੁਰ ਦੀ ਟੀਮ ਨੇ 14 ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ । ਜੇਤੂਆਂ ਨੂੰ ਇਨਾਮ ਵੰਡਣ ਦੀ ਰਸਮ ਪੰਜਾਬ ਫੈਂਸਿੰਗ ਐਸ਼ੋਸੀਏਸਨ ਦੇ ਪ੍ਰਧਾਨ ਬ੍ਰਹਮ ਮਹਿੰਦਰਾ (ਸਾਬਕਾ ਕੈਬਨਿਟ ਮੰਤਰੀ ਪੰਜਾਬ) ਨੇ ਨਿਭਾਈ । ਇਨਾਮ ਵੰਡ ਸਮਾਗਮ ਸਮੇਂ ਵਿਸ਼ੇਸ਼ ਤੌਰ ਤੇ ਸਨਮਾਨਿਤ ਹੋਣ ਵਾਲ਼ਿਆਂ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਹਾਇਕ ਡਾਇਰੈਕਟਰ ਡਾ: ਕੰਵਰ ਮਨਦੀਪ ਸਿੰਘ ਢਿਲੋਂ, ਪੰਜਾਬ ਤਲਵਾਰਬਾਜ਼ੀ ਐਸ਼ੋ: ਦੇ ਜ: ਸਕੱਤਰ ਅਨਿਲ ਅਰੋੜਾ, ਅੰਮ੍ਰਿਤਸਰ ਜਿਲਾ ਤਲਵਾਰਬਾਜੀ ਐਸ਼ੋਸੀਏਸਨ ਦੇ ਜਨਰਲ ਸਕੱਤਰ ਪ੍ਰੋਫੈਸਰ ਨਿਰਮਲ ਸਿੰਘ ਰੰਧਾਵਾ (1980 'ਚ ਲਖਨਊ ਵਿਖੇ ਹੋਈ ਪਹਿਲੀ ਨੈਸ਼ਨਲ ਤਲਵਾਰਬਾਜੀ ਦੇ ਚੈਂਪੀਅਨ), ਕੋਚ ਸ਼ਮੀਪ੍ਰੀਤ ਕੌਰ, ਜਿਲਾ ਐਸ਼ੋ: ਦੇ ਸੀ: ਮੀਤ ਪ੍ਰਧਾਨ ਧੰਨਜੀਤ ਸਿੰਘ ਸੰਧੂ ਸ਼ਾਮਲ ਸਨ । ਇਥੇ ਇਹ ਵਰਣਨਯੋਗ ਹੈ ਕਿ ਇਸ 32ਵੀਂ ਸੀਨੀਅਰ ਨੈਸ਼ਨਲ ਤਲਵਾਰਬਾਜੀ ਚੈਂਪੀਅਨਸ਼ਿਪ ਵਿਚ ਭਾਰਤ ਦੇ ਵੱਖ ਵੱਖ ਸੂਬਿਆਂ ਦੇ 561 ਤਲਵਾਰਬਾਜਾਂ (ਲੜਕੇ-ਲੜਕੀਆਂ ਤੋਂ ਇਲਾਵਾ 39 ਕੋਚ ਅਤੇ 41 ਮੈਨੇਜਰਾਂ ਨੇ ਭਾਗ ਲਿਆ ।

# ਚਵਿੰਡਾ ਦੇਵੀ ਢੱਡੇ ਰੋਡ ਸ਼ੜਕ ਦਾ ਮੰਦਾ ਹਾਲ, ਇਲਾਕਾ ਵਾਸੀ ਡਾਢੇ ਪ੍ਰੇਸ਼ਾਨ

**ਅੰਮ੍ਰਿਤਸਰ/ਰਾਜਾ ਕੋਟਲੀ**



ਵਿਧਾਨ ਸਭਾ ਹਲਕਾ ਮਜੀਠਾ ਅਧੀਨ ਪੈਂਦੇ ਇਤਿਹਾਸਕ ਕਸਬਾ ਚਵਿੰਡਾ ਦੇਵੀ ਅੰਦਰ ਪਿੰਡ ਢੱਡੇ ਰੋਡ ਦੀ ਲਿੰਕ ਸੜਕ ਦਾ ਮੰਦਾ ਹਾਲ ਹੈ। ਇਹ ਲਿੰਕ ਰੋਡ ਥਾਂ=ਥਾਂ ਤੋ ਟੁੱਟੀ ਹੋਈ ਹੈ ਅਤੇ ਇਸ ਸ਼ੜਕ ਤੇ ਵੱਡੇ=ਵੱਡੇ ਟੋਏ ਪੈਣ ਕਰਕੇ ਇਨਾਂ ਟੋਇਆ @ਚ ਖੜੇ ਪਾਣੀ ਕਾਰਨ ਹਾਲਤ ਤਰਸਯੋਗ ਬਣ ਜਾਣ ਕਾਰਨ ਕਈ ਚਿਰ ਤੋ ਸਰਕਾਰਾ ਵਲੋ ਸਾਰ ਨਾ ਲਏ ਜਾਣ ਕਾਰਨ ਜਿੱਥੇ ਇਥੋ ਗੁਜਰਨ ਵਾਲੇ ਲੋਕ ਡਾਢੇ ਪ੍ਰੇਸ਼ਾਨ ਹਨ, ਇਸ ਸੜਕ ਰਾਹੀ ਗੁਜਰਨ ਵਾਲੇ ਕੁਝ ਬੇਹੱਦ ਨਿਰਾਸ਼ ਕੁਝ ਲੋਕਾਂ ਨੇ ਆਪਣਾ ਨਾਮ ਨਾ ਪ੍ਰਕਾਸ਼ਿਤ ਕਰਨ ਦੀ ਸ਼ਰਤ ਰੱਖਦਿਆ ਦੱਸਿਆ ਕਿ ਇਹ ਸ਼ੜਕ ਕਈ ਮਹੀਨਿਆ ਤੋ ਟੁੱਟਦੀ ਜਾ ਰਹੀ ਸੀ ਜਿਸ ਦੀ ਜਾਣਕਾਰੀ ਦਿੱਤੇ ਜਾਣ ਦੇ ਬਾਵਜੂਦ ਕੋਈ ਧਿਆਨ ਨਾ ਦਿੱਤੇ ਜਾਣ ਕਾਰਨ ਸ਼ੜਕ ਅੰਦਰ ਪਏ ਟੋਇਆ ਦਾ ਅਕਾਰ ਦਿਨ ਪ੍ਰਤੀ ਦਿਨ ਵਧਣ ਨਾਲ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਨਾ ਹੋਣ ਕਾਰਨ ਇਹ ਸ਼ੜਕ ਤਲਾਬ ਦਾ ਰੂਪ ਧਾਰਨ ਕਰ ਚੁੱਕੀ ਹੈ ਜਿਸ ਕਾਰਨ ਇਸ ਰਸਤੇ ਰਾਤ ਸਮੇ ਲਾਈਟ ਦਾ ਪ੍ਰਬੰਧ ਨਾ ਹੋਣ ਕਾਰਨ ਆਉਣ ਜਾਣ ਵਾਲੇ ਲੋਕ ਅਕਸਰ ਹਾਦਸੇ ਦਾ ਸ਼ਿਕਾਰ ਹੋ ਰਹੇ ਹਨ ਅਤੇ ਵਾਹਨਾ ਨੂੰ ਵੀ ਭਾਰੀ ਨੁਕਸਾਨ ਪਹੁੰਚ ਰਿਹਾ ਹੈ ਇਸ ਤੋ ਇਲਾਵਾ ਲੋਕਾ ਦਾ ਪੈਦਲ ਲੰਘਣਾ ਵੀ ਮੁਸ਼ਕਿਲ ਹੈ, ਜਦ ਕਿ ਇਹ ਸ਼ੜਕ ਕਈ ਪਿੰਡਾ ਨੂੰ ਮਿਲਾਉਂਦੀ ਹੈ ਜਿਸ ਵੱਲ ਧਿਆਨ ਨਾ ਦਿੱਤੇ ਜਾਣ ਕਾਰਨ ਇਲਾਕਾ ਵਾਸੀਆ @ਚ ਭਾਰੀ ਰੋਸ ਪਾਇਆ ਜਾ ਰਿਹਾ ਹੈ,ਇਨਾਂ ਵਾਸੀਆ ਦੀ ਮੰਗ ਹੈ ਕਿ ਇਸ ਸ਼ੜਕ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਇਆ ਜਾਵੇ। ਇਲਾਕਾ ਵਾਸੀਆ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੀ ਸਮੁੱਚੀ ਆਪ ਪਾਰਟੀ ਦੀ ਲੀਡਰਸ਼ਿਪ ਕੋਲੋ ਮੰਗ ਕੀਤੀ ਹੈ ਕਿ ਇਸ ਟੁੱਟੀ ਹੋਈ ਸ਼ੜਕ ਨੂੰ ਪਹਿਲ ਦੇ ਆਧਾਰ ਤੇ ਬਣਾਇਆ ਜਾਵੇ ਜਿਸ ਨਾਲ ਰਾਹਗੀਰਾ ਨੂੰ ਸੁਖ ਦਾ ਸਾਹ ਮਿਲੇ।

# ਪੰਜਾਬ ਦੀ ਸੋਹਣੀ ਤੇ ਹੱਸਮੁੱਖ ਐਂਕਰ ਪਵਨਦੀਪ ਕੌਰ



ਕਿਸੇ ਵੀ ਸਮਾਗਮ ਦੀ ਸਫਲਤਾ ਦਾ ਸਹਿਰਾ ਇਕ ਐਂਕਰ ਉੱਪਰ ਨਿਰਭਰ ਹੁੰਦਾ ਹੈ ਤੇ ਅੱਜ ਅਸੀਂ ਇਕ ਅਜਿਹੀ ਹੀ ਸਖਸ਼ੀਅਤ ਦੇ ਬਾਰੇ ਗੱਲ ਕਰਨ ਜਾ ਰਹੇ ਹਾਂ ਜਿਸ ਨੂੰ ਲੋਕ ਐਂਕਰ ਪਵਨਦੀਪ ਕੌਰ ਵਜੋਂ ਜਾਣਦੇ ਹਨ। ਇਸ ਖੁਬਸੂਰਤ ਪੰਜਾਬਣ ਪਵਨਦੀਪ ਕੌਰ ਦਾ ਜਨਮ ਪਿੰਡ ਨਿਹਾਲੂਵਾਲ ਤਹਿਸੀਲ ਸ਼ਾਹਕੋਟ ਜ਼ਿਲਾ ਜਲੰਧਰ ਵਿਖੇ ਪਿਤਾ ਜਸਵਿੰਦਰ ਸਿੰਘ ਤੇ ਮਾਤਾ ਮਨਦੀਪ ਕੌਰ ਦੇ ਘਰ ਹੋਇਆ। ਪਵਨਦੀਪ ਦਾ ਇਕ ਭਰਾ ਵੀ ਹੈ ਜਿਸ ਦਾ ਨਾਮ ਰਾਜਨਪ੍ਰੀਤ ਸਿੰਘ ਹੈ। ਪਵਨਦੀਪ ਨੂੰ ਐਂਕਰਿੰਗ ਦਾ ਸ਼ੌਕ ਸਕੂਲ ਟਾਇਮ ਤੋਂ ਹੀ ਸੀ ਸਕੂਲ ਵਿਚ ਹੁੰਦੇ ਸਲਾਨਾ ਪ੍ਰੋਗਰਾਮਾਂ ਵਿਚ ਉਹ ਹਿੱਸਾ ਲੈਂਦੀ ਤੇ ਸਟੇਜ਼ ਉੱਤੇ ਐਂਕਰਿੰਗ ਕਰਦੀ। ਫਿਰ ਉਸਨੇ ਆਪਣੇ ਇਸ ਸ਼ੌਕ ਨੂੰ ਆਪਣੇ ਕੰਮ ਵਿਚ ਤਬਦੀਲ ਕੀਤਾ ਅਤੇ ਗੌਰਮੈਂਟ ਸੀਨੀਅਰ ਸੈਕੰਡਰੀ ਸਕੂਲ ਨਿਹਾਲੂਵਾਲ ਤੋਂ ਆਪਣੀ 12 ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਟੇਜ਼ ਤੇ ਐਂਕਰਿੰਗ ਦਾ ਕੰਮ ਸ਼ੁਰੂ ਕਰ ਦਿੱਤਾ। ਅੱਜ ਦੇ ਸਮੇਂ ਵਿਚ ਐਂਕਰ ਪਵਨਦੀਪ ਕੌਰ ਪੰਜਾਬੀ ਸੱਭਿਆਚਾਰਕ ਤੇ ਹੋਰਨਾਂ ਪ੍ਰੋਗਰਾਮਾਂ ਤੇ ਇਕ ਐਂਕਰ ਵਜੋਂ ਆਪਣੀ ਹਾਜ਼ਰੀ ਲਗਵਾ ਚੁੱਕੀ ਹੈ। ਐਂਕਰ ਪਵਨਦੀਪ ਕੌਰ ਪੰਜਾਬ ਦੇ ਕਈ ਨਾਮਵਰ ਕਲਾਕਾਰਾਂ ਨਾਲ ਸਟੇਜ਼ਾਂ ਤੇ ਐਂਕਰਿੰਗ ਕਰ ਚੁੱਕੀ ਹੈ ਜਿੰਨ੍ਹਾਂ ਵਿਚ ਗਾਇਕ ਦਲਵਿੰਦਰ ਦਿਆਲਪੁਰੀ, ਸਤਨਾਮ ਧੰਜਲ, ਜੱਸ ਕਾਂਜਲੀ, ਗੁਰਦੇਵ ਪੱਧਰੀ, ਜੀ ਗੁਲਜ਼ਾਰ, ਕੇ ਐੱਸ ਕਰਨ, ਬਲਵੀਰ ਸ਼ੇਰਪੁਰੀ, ਸ਼ੰਮੀ ਖਾਨ, ਜੈਵੀ ਸਿੰਘ, ਸਰਵਨ ਤਸਕੀਨ ਗਿੱਲ ਅਤੇ ਹੋਰ ਮਸ਼ਹੂਰ ਗਾਇਕ ਸ਼ਾਮਿਲ ਹਨ।

# ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸਰਕਾਰੀ ਕਾਲਜ ਬੁਰਜ ਹਰੀ ਸਿੰਘ ਵਿਖੇ ਸਪੋਰਟਸ ਮੀਟ ਕਰਵਾਈ ਗਈ



**ਰਾਏਕੋਟ/ਗੋਗੀ**

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸਰਕਾਰੀ ਕਾਲਜ ਬੁਰਜ ਹਰੀ ਸਿੰਘ ਵਿਖੇ ਪ੍ਰਿੰਸੀਪਲ ਹਰਪਾਲ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਦੀ ਸਪੋਰਟਸ ਮੀਟ ਕਰਵਾਈ ਗਈ। ਇਸ ਮੌਕੇ ਕਾਲਜ ਦੇ ਪ੍ਰੋਫੈਸਰਾਂ ਦੇ ਨਾਮ 'ਤੇ ਵੱਖ ਵੱਖ ਹਾਊਸ ਬਣਾ ਕਟ ਟੀਮਾਂ ਬਣਾਈਆਂ ਗਈਆਂ, ਜਿੰਨ੍ਹਾਂ 'ਚ ਵਿਦਿਆਰਥੀਆਂ ਨੇ ਵੱਡੀ ਗਿਣਤੀ ਅਤੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਲੜਕਿਆਂ ਦੇ ਕਰਵਾਏ ਵਾਲੀਬਾਲ ਮੁਕਾਬਲਿਆਂ ਵਿੱਚੋਂ ਹਰਵਿੰਦਰ ਜੋਸ਼ੀ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦੋਂ ਕਿ ਪ੍ਰੋ.ਖੁਸ਼ਪ੍ਰੀਤ ਦੀ ਟੀਮ ਨੇ ਸਾਂਝੇ ਤੌਰ ਤੇ ਦੂਸਰਾ ਸਥਾਨ ਹਾਸਲ ਕੀਤਾ। ਲੜਕਿਆਂ ਦੀ ਸੈਕ ਰੇਸ ਦੇ ਹੋਏ ਮੁਕਾਬਲਿਆਂ ਦੌਰਾਨ ਪ੍ਰੋ ਪੂਜਾ ਕਪੂਰ ਦੀ ਟੀਮ ਵਿੱਚੋਂ ਜੁਗਰਾਜ ਸਿੰਘ ਨੇ ਪਹਿਲਾ ਸਥਾਨ, ਤੇਜਬਾਲ ਦੇ ਮੁਕਾਬਲਿਆਂ ਵਿੱਚੋਂ ਤਲਵੀਰ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਲੜਕੀਆਂ ਦੀ ਸੈਕ ਰੇਸ ਵਿੱਚੋਂ ਦਲਜੀਤ ਕੌਰ ਅਤੇ ਪਰਮ ਨੇ ਪਹਿਲਾ ਸਥਾਨ, ਰਜਨੀ ਅਤੇ ਨਵਦੀਪ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਚਮਚੇ ਵਿੱਚ ਆਲੂ ਰੱਖ ਕੇ ਲੜਕੀਆਂ ਦੀ ਕਰਵਾਈ ਦੌੜ ਵਿੱਚੋਂ ਰਜਨੀ, ਸਹਿਨਾਜ਼ ਅਤੇ ਸਰਬਜੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕੀਤਾ। 50 ਮੀਟਰ ਬੈਕ ਰੇਸ ਦੇ ਮੁਕਾਬਲਿਆਂ ਵਿੱਚੋ ਸਹਿਨਾਜ਼ ਅਖ਼ਤਰ ਨੇ ਪਹਿਲਾ ਸਥਾਨ ਤੇ ਰਹੀ। ਬੈਡਮਿੰਟਨ ਦੇ ਮੁਕਾਬਲਿਆਂ ਵਿੱਚੋਂ ਪ੍ਰੋ. ਪੂਜਾ ਕਪੂਰ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਹਰਪਾਲ ਕੌਰ ਨੇ ਕਿਹਾ ਕਿ ਪੜ੍ਹਾਈ ਦੇ ਨਾਲ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨਾ ਅੱਜ ਦੇ ਸਮੇਂ ਵਿੱਚ ਬਹੁਤ ਜਰੂਰੀ ਹੈ, ਕਿਉਂਕਿ ਅਗਰ ਵਿਦਿਆਰਥੀ ਖੇਡਾਂ ਨਾਲ ਜੁੜਨਗੇ ਤਾਂ ਜਿੱਥੇ ਉਹ ਸਰੀਰਿਕ ਤੌਰ ਤੇ ਤੰਦਰੁਸ਼ਤ ਰਹਿਣਗੇ, ਉੱਥੇ ਨਸ਼ਿਆਂ ਤੋਂ ਵੀ ਦੂਰ ਰਹਿਣਗੇ। ਉਨ੍ਹਾਂ ਕਿਹਾ ਕਿ ਭਾਵੇਂ ਉਨ੍ਹਾਂ ਦੇ ਕਾਲਜ ਦਾ ਪਹਿਲਾ ਸਾਲ ਹੈ, ਪਰ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਦੇ ਮਕਸ਼ਦ ਨਾਲ ਸਪੋਰਟਸ ਮੀਟ ਕਰਵਾਈ ਗਈ ਹੈ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਪੂਰੇ ਜੋਸ਼ੋ ਖਰੋਸ਼ ਨਾਲ ਭਾਗ ਲਿਆ ਹੈ। ਜੇਤੂਆਂ ਨੂੰ ਪ੍ਰਿੰਸੀਪਲ ਹਰਪਾਲ ਕੌਰ ਦੀ ਅਗਵਾਈ ਹੇਠ ਕਾਲਜ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਲਈ ਖਾਣ-ਪੀਣ ਦਾ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਰੈਫਰੀ ਦੀ ਭੂਮਿਕਾ ਸਰੀਰਿਕ ਸਿੱਖਿਆ ਵਿਭਾਗ ਦੇ ਇੰਚਾਰਜ ਜਗਦੀਪ ਸਿੰਘ ਵੱਲੋਂ ਨਿਭਾਈ ਗਈ ਅਤੇ ਮੰਚ ਦਾ ਸੰਚਾਲਨ ਪ੍ਰੋ. ਪੂਜਾ ਕਪੂਰ ਵੱਲੋਂ ਨਿਭਾਈ ਗਈ। ਇਸ ਮੌਕੇ ਪ੍ਰੋ. ਹਰਵਿੰਦਰ ਸਿੰਘ ਜੋਸ਼ੀ, ਪ੍ਰੋ. ਪੂਜਾ ਕਪੂਰ ਅਤੇ ਪ੍ਰੋ. ਖੁਸ਼ਪ੍ਰੀਤ, ਪ੍ਰੋ. ਅਰੁਣ ਕੁਮਾਰ, ਪ੍ਰੋ. ਜਤਿੰਦਰ ਕੁਮਾਰ, ਪ੍ਰੋ. ਅਵਤਾਰ ਸਿੰਘ ਆਦਿ ਹਾਜ਼ਰ ਸਨ।



# ਪਿੰਡ ਜੌਹਲਾਂ ਵਿਖੇ 13ਵਾਂ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ

**ਰਾਏਕੋਟ/ਗੋਗੀ**

ਸਵ. ਜਗਤਾਰ ਸਿੰਘ ਸਿੱਧੂ (ਡੇਅਰੀ ਵਾਲਾ) ਦੇ ਪਰਿਵਾਰ ਵੱਲੋਂ ਸਮੂਹ ਗ੍ਰਾਮ ਪੰਚਾਇਤ ਅਤੇ ਸਪੋਰਟਸ ਕਲੱਬਾਂ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂਸਰ ਸਾਹਿਬ, ਪਿੰਡ ਜੌਹਲਾਂ ਵਿਖੇ 13ਵਾਂ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਬਾਬਾ ਰਾਮਦਾਸ ਜੌਹਲਾਂ ਵਾਲਿਆਂ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਉਪਰੰਤ ਉਨ੍ਹਾਂ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਸਮੇਂ ਵਿੱਚ ਇਲਾਜ ਮਹਿੰਗਾ ਹੋਣ ਕਰਕੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਚੁੱਕਾ ਹੈ। ਜਿਸ ਕਾਰਨ ਉਹ ਆਪਣਾ ਇਲਾਜ ਕਰਵਾਉਣ ਤੋਂ ਅਸਮਰੱਥ ਹੋ ਜਾਂਦੇ ਹਨ। ਪਰ ਜੋ ਸਮਾਜ ਸੇਵੀ ਜੱਥੇਬੰਦੀਆਂ ਅਤੇ ਦਾਨੀ ਸੱਜਣਾਂ ਵੱਲੋਂ ਕੈਂਪ ਲਗਵਾ ਕੇ ਲੋੜਵੰਦ ਲੋਕਾਂ ਦਾ ਇਲਾਜ ਕਰਵਾਇਆ ਜਾਂਦਾ ਹੈ, ਉਹ ਬਹੁਤ ਹੀ ਸਲਾਘਾਯੋਗ ਹੈ। ਇਸ ਮੌਕੇ ਬਾਬਾ ਰਾਮਦਾਸ ਨੇ ਸਵ. ਜਗਤਾਰ ਸਿੰਘ ਸਿੱਧੂ (ਡੇਅਰੀ ਵਾਲਾ) ਦੇ ਪਰਿਵਾਰ ਨੂੰ ਇਹ ਨੇਕ ਕਾਰਜ ਕਰਨ ਦੀ ਸਲਾਘਾ ਕੀਤੀ। ਇਸ ਮੌਕੇ ਬਾਠ ਚੈਰੀਟੇਬਲ ਹਸਪਤਾਲ ਜਲਾਲਦੀਵਾਲ ਦੇ ਡਾ. ਗੁਰਲਾਬ ਸਿੰਘ ਦੀ ਅਗਵਾਈ ਵਾਲੀ ਟੀਮ ਵੱਲੋਂ 197 ਮਰੀਜਾਂ ਦਾ ਚੈੱਕਅਪ ਕੀਤਾ ਗਿਆ, ਜਦੋਂ ਕਿ 22 ਮਰੀਜਾਂ ਦੀ ਲੈੱਨਜ ਪਾਉਣ ਲਈ ਚੁਣੇ ਗਏ। ਇਸ ਮੌਕੇ ਲੋੜਵੰਦ ਮਰੀਜਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਪ੍ਰਧਾਨ ਸੰਦੀਪ ਸਿੰਘ ਸਿੱਧੂ, ਗੁਰਨੈਬ ਸਿੰਘ, ਦਵਿੰਦਰ ਸਿੰਘ ,ਬਲਤੇਜ ਸਿੰਘ, ਬਾਬਾ ਗੁਰਨਾਮ ਦਾਸ, ਗੁਰਵਿੰਦਰ ਸਿੰਘ ਆੜ੍ਹਤੀਆ, ਗੁਰਜੰਟ ਸਿੰਘ, ਪ੍ਰਧਾਨ ਹਰਭਜਨ ਸਿੰਘ, ਮੋਹਨਜੀਤ ਸਿੰਘ, ਕੇਵਲ ਸਿੰਘ, ਸੁਰਜੀਤ ਸਿੰਘ ਰਿੰਕੂ ਪੰਚ, ਕੁਲਵੰਤ ਸਿੰਘ, ਜਗਜੀਵਨ ਰਾਮ ਪੰਚ, ਸੁਖਚੈਨ ਸਿੰਘ, ਅਰਸ਼ਦੀਪ ਸਿੰਘ, ਅਮਨਦੀਪ ਸਿੰਘ, ਭਗਵੰਤ ਸਿੰਘ, ਗੁਰਦੀਪ ਸਿੰਘ, ਅਵਤਾਰ ਸਿੰਘ, ਮਨਜਿੰਦਰ ਸਿੰਘ ਮਨੀ, ਪ੍ਰਧਾਨ ਗੁਰਚਰਨ ਸਿੰਘ, ਪ੍ਰਧਾਨ ਗੁਰਮਿੰਦਰ ਸਿੰਘ ਸਿੱਧੂ, ਈਸ਼ਵਰ ਸਿੰਘ ਸਿੱਧੂ, ਅਮਨਦੀਫ ਸਿੰਘ, ਗੁਰਜੰਟ ਸਿੰਘ, ਗਗਨਦੀਪ ਸਿੰਘ ਸਿੱਧੂ ਆਦਿ ਹਾਜ਼ਰ ਸਨ।

## ਆਜ਼ਾਦੀ ਦਾ ਮਹੋਤਸਵ ਤਹਿਤ ਰਾਸ਼ਟਰੀ ਵੈਕਸੀਨੇਸ਼ਨ ਦਿਵਸ ਪੀ.ਪੀ ਯੂਨਿਟ ਗੁਰਦਾਸਪੁਰ ਵਿਖੇ ਮਨਾਇਆ

**ਗੁਰਦਾਸਪੁਰ/ਨਵਨੀਤ ਕੁਮਾਰ**

ਅੱਜ ਮਾਣਯੋਗ ਸਿਵਲ ਸਰਜਨ ਡਾ ਵਿਜੇ ਕੁਮਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ ਚੇਤਨਾ ਸਿਵਲ ਹਸਪਤਾਲ ਗੁਰਦਾਸਪੁਰ ਜੀ ਦੀ ਅਗਵਾਈ ਹੇਠ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਤਹਿਤ ਰਾਸ਼ਟਰੀ ਵੈਕਸੀਨੇਸ਼ਨ ਦਿਵਸ ਪੀ.ਪੀ ਯੂਨਿਟ ਗੁਰਦਾਸਪੁਰ ਵਿਖੇ ਮਨਾਇਆ ਗਿਆ।ਇਸ ਮੋਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ ਅਰਵਿੰਦ ਕੁਮਾਰ ਨੇ ਦੱਸਿਆ ਕਿ ਵੈਕਸੀਨੇਸ਼ਨ Work for all ਥੀਮ ਤਹਿਤ ਇਹ ਦਿਵਸ ਸਾਰੀਆਂ ਸਿਹਤ ਸੰਸਥਾਵਾਂ ਤੇ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਲੋਕਾਂ ਨੂੰ ਵੈਕਸੀਨੇਸ਼ਨ ਲਈ ਜਾਗ੍ਰਿਤ ਕੀਤਾ ਜਾ ਰਿਹਾ ਹੈ।ਇਸ ਮੋਕੇ ਬੱਚਿਆਂ ਦੇ ਮਾਹਰ ਡਾ ਰਜੇਸ਼ਵਰ ਮਹੰਤ ਜੀ ਨੇ ਦੱਸਿਆ ਕਿ ਵੈਕਸੀਨੇਸ਼ਨ ਕਰਕੇ ਬੱਚਿਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਇਆ ਜਾ ਰਿਹਾ ਹੈ। ਰਾਸ਼ਟਰੀ ਵੈਕਸੀਨੇਸ਼ਨ ਤਹਿਤ ਵਧੀਆ ਕੰਮ ਕਰਨ ਵਾਲੀਆਂ ਰਮਨਜੀਤ ਕੌਰ ਏ.ਐਨ.ਐਮ, ਕਮਲੇਸ਼ ਅਤੇ ਮੋਨਿਕਾ ਆਸ਼ਾ ਵਰਕਰਾਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 12 ਤੋਂ 14 ਸਾਲ ਦੇ ਬੱਚਿਆਂ ਲਈ ਅੱਜ ਤੋਂ ਕੋਵਿਡ ਉਨੀ ਵੈਕਸੀਨੇਸ਼ਨ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ ਭਾਰਤ ਭੂਸ਼ਨ, ਜ਼ਿਲ੍ਹਾ ਸਿਹਤ ਅਫਸਰ ਡਾ ਰਵਿੰਦਰ ਕੁਮਾਰ, ਮੈਡੀਕਲ ਅਫਸਰ ਡਾ ਸ਼ਰਨਜੀਤ, ਮਾਸ ਮੀਡੀਆ ਅਫਸਰ ਗੁਰਿੰਦਰ ਕੌਰ, ਕਮਲਜੀਤ ਸੁਪਰਵਾਈਜ਼ਰ ਆਦਿ ਹਾਜ਼ਰ ਸਨ।

## ਆਮ ਆਦਮੀ ਪਾਰਟੀ ਵੱਲੋਂ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਜਾਣਗੇ : ਛਾਪਾ



**ਰਾਏਕੋਟ/ਗੋਗੀ:-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਲੋਕਾਂ ਲਈ ਤਰੱਕੀ ਅਤੇ ਖੁਸ਼ਹਾਲੀ ਲੈ ਕੇ ਆਵੇਗੀ, ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਮ ਕੁਮਾਰ ਛਾਪਾ ਨੇ ਰਾਏਕੋਟ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਜਨਤਾ ਵੱਲੋਂ ਵੱਡਾ ਫਤਵਾ ਦੇ ਕੇ ਵੱਡੀ ਬਹੁਮਤ ਨਾਲ ਸਰਕਾਰ ਬਣਾਈ ਗਈ ਹੈ, ਉਸੇ ਤਰ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਵੀ ਜਿੱਥੇ ਲੋਕਾਂ ਕੀਤੇ ਵਾਅਦੇ ਜਲਦੀ ਪੂਰੇ ਕੀਤੇ ਜਾਣਗੇ, ਉੱਥੇ ਨੌਜਵਾਨਾਂ ਲਈ ਰੋਜ਼ਗਾਰ, ਚੰਗੀ ਸਿੱਖਿਆ ਅਤੇ ਸਿਹਤ ਸਹੂਲਤਾਂ ਹਰ ਸੰਭਵ ਕੰਮ ਕੀਤੇ ਜਾਣਗੇ। ਰਾਮ ਕੁਮਾਰ ਛਾਪਾ ਨੇ ਕਿਹਾ ਕਿ ਭਾਵੇਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀਤੇ ਕੱਲ੍ਹ ਸ਼ਹੀਦ-ਏ-ਆਜ਼ਮ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਖੇ ਸਹੁੰ ਚੁੱਕ ਕੇ ਅਧਿਕਾਰਤ ਤੌਰ ਤੇ ਆਪਣਾ ਆਹੁਦਾ ਸੰਭਾਲਿਆ ਗਿਆ ਹੈ, ਪਰ ਜਿਸ ਦਿਨ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਸੇ ਦਿਨ ਤੋਂ ਸਰਕਾਰੀ ਹਸਪਤਾਲਾਂ, ਸਕੂਲਾਂ ਸਮੇਤ ਸਰਕਾਰੀ ਅਦਾਰਿਆ ਵਿੱਚ ਸੁਧਾਰ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਮੁਲਾਜ਼ਮ ਸਹੀ ਸਮੇਂ ਆਪਣੀ ਡਿਊਟੀ ਤੇ ਆ ਰਹੇ ਹਨ ਅਤੇ ਲੋਕਾਂ ਦੇ ਕੰਮ ਹੋ ਰਹੇ ਹਨ। ਇਸ ਮੌਕੇ ਉਨ੍ਹਾਂ ਵਿਧਾਨ ਸਭ ਹਲਕਾ ਰਾਏਕੋਟ ਤੋਂ ਹਾਕਮ ਸਿੰਘ ਠੇਕੇਦਾਰ ਨੂੰ ਵੱਡੀ ਲੀਡ ਨਾਲ ਵਿਧਾਇਕ ਚੁਣਨ ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਲਕੇ 'ਚ ਚੰਗੇ ਕੰਮ ਕੀਤੇ ਜਾਣਗੇ।

## ਡਿਪਟੀ ਕਮਿਸ਼ਨਰ ਲੁਧਿਆਣਾ ਦੀ ਪ੍ਰਧਾਨਗੀ ਹੇਠ ਹੋਈ ਕਾਰਜਕਾਰੀ ਮੀਟਿੰਗ

**ਲੁਧਿਆਣਾ/ਕਰਨ ਅਗਰਵਾਲ:-** ਜ਼ਿਲ੍ਹਾ ਪੱਧਰੀ ਮਾਈਕਰੋ ਤੇ ਲਘੂ ਉਦਯੋਗ ਸੁਵਿਧਾ ਕੌਂਸਲ ਦੀ 170ਵੀਂ ਕਾਰਜਕਾਰੀ ਮੀਟਿੰਗ ਅੱਜ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਬਤੌਰ ਕੋਆਰਡੀਨੇਟਰ ਨੀਰੂ ਕਤਿਆਲ, ਕੌਂਸਲ ਦੇ ਮੈਂਬਰਾਂ ਵਜੋ ਐਡਵੋਕੇਟ ਹਿਮਾਂਸ਼ੂ ਵਾਲੀਆ, ਲੀਡ ਜ਼ਿਲ੍ਹਾ ਮੈਨੇਜਰ ਲੁਧਿਆਣਾ ਸੰਜੇ ਕੁਮਾਰ ਗੁਪਤਾ, ਮੈਂਬਰ ਸਕੱਤਰ ਰਾਕੇਸ਼ ਕਾਂਸਲ, ਜਨਰਲ ਮੈਨੇਜਰ ਕਮ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਲੁਧਿਆਣਾ ਹਾਜ਼ਰ ਸਨ। ਅੱਜ ਦੀ ਮੀਟਿੰਗ ਲਈ ਲਗਭਗ 80 ਕੇਸ ਸੂਚੀਬੱਧ ਕੀਤੇ ਗਏ ਸਨ ਅਤੇ 80 ਕੇਸਾਂ ਦਾ ਫੈਸਲਾ ਕੀਤਾ ਗਿਆ 23 ਹਵਾਲਾ ਦਾਅਵਿਆਂ ਦੀ ਪਟੀਸ਼ਨ, ਜਿਸ ਵਿੱਚੋਂ 12 ਕੇਸਾਂ ਦੀ ਇਜਾਜ਼ਤ ਦਿੱਤੀ ਗਈ ਅਤੇ 11 ਨੂੰ ਕਾਨੂੰਨੀ ਆਧਾਰਾਂ ਜਿਵੇਂ ਕਿ ਲਿਮਟ, ਰਜਿਸਟ੍ਰੇਸ਼ਨ ਅਤੇ ਹੋਰ ਆਧਾਰਾਂ @ਤੇ ਖਾਰਜ ਕੀਤਾ ਗਿਆ। ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਲੁਧਿਆਣਾ ਰਾਕੇਸ਼ ਕੁਮਾਰ ਕਾਂਸਲ ਨੇ ਅੱਗੇ ਦੱਸਿਆ ਕਿ ਝਗੜਿਆਂ ਦੇ ਸੁਹਿਰਦ ਨਿਪਟਾਰੇ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ ਅਤੇ ਐਮ.ਐਸ.ਐਮ.ਈ. ਵਿਕਾਸ ਐਕਟ 2006 ਦੇ ਉਪਬੰਧ ਅਨੁਸਾਰ ਮਾਈਕਰੋ ਤੇ ਲਘੂ ਉਦਯੋਗਾਂ ਦੇ ਦੇਰੀ ਨਾਲ ਅਦਾਇਗੀਆਂ ਨਾਲ ਸਬੰਧਤ ਮਸਲਿਆਂ ਦੇ ਨਿਪਟਾਰੇ ਲਈ ਪਲੇਟਫਾਰਮ ਪ੍ਰਦਾਨ ਕੀਤਾ ਜਾਂਦਾ ਹੈ।

## ਕੈਂਪ ਦੌਰਾਨ ਬਿਰਧ ਆਸ਼ਰਮ 'ਚ ਬਜ਼ੁਰਗਾਂ ਦੇ ਦੰਦਾਂ ਦੀ ਕੀਤੀ ਜਾਂਚ

**ਰਾਏਕੋਟ/ਗੋਗੀ**

ਸਥਾਨਕ ਨਿਸ਼ਕਾਮ ਸੇਵਾ ਬਿਰਧ ਆਸ਼ਰਮ ਵਿਖੇ ਸਿਵਲ ਹਸਤਾਲ ਰਾਏਕੋਟ ਵੱਲੋਂ ਐਸ.ਐਮ.ਓ ਡਾ. ਅਲਕਾ ਮਿੱਤਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਰਲਡ ਓਰਲ ਹੈਲਥ ਕੇਅਰ ਕੈਂਪ ਲਗਾਇਆ ਗਿਆ । ਕੈਂਪ ਦੌਰਾਨ ਦੰਦਾਂ ਦੀਆਂ ਬੀਮਾਰੀਆਂ ਦੇ ਮਾਹਿਰ ਡਾ. ਅਮਨਦੀਪ ਕੌਰ ਵੱਲੋਂ ਬਿਰਧ ਆਸ਼ਰਮ ਦੇ ਬਜ਼ੁਰਗਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ ਅਤੇ ਬਜ਼ੁਰਗਾਂ ਨੂੰ ਦਵਾਈਆਂ ,ਪੇਸਟ, ਮਾਊਥਵਾਸ਼, ਬਰੱਸ਼ ਆਦਿ ਵੀ ਵੰਡੇ ਗਏ । ਇਸ ਮੌਕੇ ਡਾ. ਅਮਨਦੀਪ ਕੌਰ ਨੇ ਕਿਹਾ ਕਿ ਦੰਦਾਂ ਦੀ ਸਫ਼ਾਈ ਜ਼ਰੂਰੀ ਹੈ ਅਤੇ ਸਾਨੂੰ ਸਮੇਂ ਸਮੇਂ ਤੇ ਆਪਣੇ ਦੰਦਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।ਆਸ਼ਰਮ ਦੀ ਪ੍ਰਬੰਧਕੀ ਕਮੇਟੀ ਦੀ ਪ੍ਰਧਾਨ ਸ਼੍ਰੀਮਤੀ ਹਰਜੀਤ ਕੌਰ ਅਤੇ ਸੰਚਾਲਕਾ ਰਵੀ ਦੇਵਗਨ ਵੱਲੋਂ ਸਿਵਲ ਹਸਪਤਾਲ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਸਟਾਫ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਵਰਨ ਸਿੰਘ ,ਜਸਬੀਰ ਸਿੰਘ ਬੱਸੀਆਂ, ਗੁਲਜ਼ਾਰ ਸਿੰਘ ਆਦਿ ਹਾਜ਼ਰ ਸਨ।



## ਗਾਇਕੀ ਦੇ ਬਾਦਸ਼ਾਹ ਪ੍ਰਸਿੱਧ ਗਾਇਕ ਦੁਰਗਾ ਰੰਗੀਲਾ ਜੀ ਦੀ ਨਵੀਂ ਸੂਫੀ ਕਵਾਲੀ 'ਮਸਤ ਫਕੀਰ' ਹੋਈ ਰਿਲੀਜ਼

**ਕਪੂਰਥਲਾ/ਪਰਮਜੀਤ ਸੰਨੀ:-** ਸੂਫੀ ਗਾਇਕੀ ਵਿੱਚ ਆਪਣੀ ਬੁਲੰਦ ਅਤੇ ਦਿਲ ਟੁੰਬਵੀ ਅਵਾਜ਼ ਨਾਲ ਵੱਖਰਾ ਮੁਕਾਮ ਰੱਖਣ ਵਾਲੇ ਵਰਲਡ ਫੇਮਸ ਗਾਇਕ ਦੁਰਗਾ ਰੰਗੀਲਾ ਪਹਿਲੀਆਂ ਬਹੁਤ ਸਾਰੀਆਂ ਮਸ਼ਹੂਰ ਕਵਾਲੀਆਂ ÷ ਮੇਰੇ ਸਾਈਂ ਦੀਆਂ ਬੱਕਰੀਆਂ ਸ਼ੇਰ ਚਾਰਦਾ ÷ ÷ਪੀਰ ਗਿਆਰਵੀਂ ਵਾਲਾ ÷ ਅਤੇ ਹੋਰ ਵਹ ਬਹੁਤ ਸਾਰੀਆਂ ਕਵਾਲੀਆਂ ਦੀ ਅਪਾਰ ਸਫਲਤਾ ਤੋਂ ਬਾਅਦ ਨਵੇਂ ਸੂਫੀ ਰੰਗ ਵਿੱਚ ਨਵੀਂ ਲਾਜਵਾਬ ਸੂਫੀ ਕਵਾਲੀ ÷ ਮਸਤ ਫਕੀਰ ÷ ਲੈ ਕੇ ਸਰੋਤਿਆਂ ਦੇ ਸਨਮੁੱਖ ਹੋਏ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਹਰਭਜਨ ਹਰੀ ਜੀ ਨੇ ਦੱਸਿਆ ਕਿ ਇਹ ਸੂਫੀ ਕਵਾਲੀ ਅੱਜ ਸ਼ੋਸ਼ਲ ਮੀਡੀਆ ਦੀਆਂ ਵੱਖ ਵੱਖ ਸਾਈਟਾਂ ਤੋਂ ਰਿਲੀਜ਼ ਕਰ ਦਿੱਤੀ ਗਈ ਹੈ। ਜਿਸਨੂੰ ਗਾਇਆ ਅਤੇ ਕੰਪੋਜ਼ ਕੀਤਾ ਹੈ ਖੁਦ ਦੁਰਗਾ ਰੰਗੀਲਾ ਜੀ ਨੇ, ਇਸਦਾ ਸੰਗੀਤ ਹਰੀ ਅਮਿਤ ਵੱਲੋਂ ਤਿਆਰ ਕੀਤਾ ਗਿਆ ਹੈ, ਕਵਾਲੀ ਦੇ ਬੋਲ ਬਹਾਦਰ ਕਾਕਰੋ ਵਾਲਾ ਦੇ ਲਿਖੇ ਹੋਏ ਹਨ, ਵੀਡੀਓ ਗੱਗੀ ਸਿੰਘ ਵੱਲੋਂ ਤਿਆਰ ਕੀਤਾ ਗਿਆ ਹੈ, ਆਡੀਟਰ ਸਨੇਹਪ੍ਰੀਤ ਓਬਰਾਏ, ਪ੍ਰੋਡਿਊਸਰ ਮਿੰਟੂ ਓਬਰਾਏ, ਲੇਬਲ ਪੀ. ਬੀ. 12 ਰਿਕਾਰਡ ਦਾ ਹੈ। ਆਸ ਹੈ ਕਿ ਪਹਿਲੀਆਂ ਕਵਾਲੀਆਂ ਦੇ ਵਾਂਗ ਸਰੋਤੇ ਇਸ ਕਵਾਲੀ ਨੂੰ ਵੀ ਭਰਪੂਰ ਪਿਆਰ ਬਖ਼ਸ਼ਣਗੇ। ਲਾਇਕ ਸ਼ੇਅਰ ਅਤੇ ਕੁਮੈਂਟ ਕਰਕੇ ਸਮੁੱਚੀ ਟੀਮ ਦੀ ਹੌਸਲਾਂ ਅਫ਼ਜਾਈ ਵੀ ਜਰੂਰ ਕਰਨਗੇ।



# ਫੀਸਾਂ ਨੂੰ ਲੈਕੇ ਮਾਪਿਆਂ ਤੇ ਸਕੂਲ ‘ਚ ਰੇੜਕਾ ਬਰਕਰਾਰ, 21 ਨੂੰ ਹੋਵੇਗਾ ਫੈਸਲਾ

## ਮਾਪਿਆਂ ਨੂੰ ਨਾਲ ਲੈ ਕੇ ਆਰਪੀਆਈ (ਅ) ਨੇ ਦਿੱਤਾ ਮਾਪਿਆਂ ਦੇ ਹੱਕ ਧਰਨਾ





**ਅੰਮ੍ਰਿਤਸਰ/ਨੇਹਾ ਗਿੱਲ**

ਫੀਸਾਂ ‘ਚ ਕੀਤੇ ਵਾਧੇ ਅਤੇ ਕੋਟੇ ਦੀਆ ਸੀਟਾਂ ਬਹਾਲ ਕਰਵਉਂਣ ਦੀ ਮੰਗ ਨੂੰ ਲੈ ਕੇ ਅੱਜ ਬਾਅਦ ਦੁਪਹਿਰ ਰਿਪਬਲਿਕਨ ਪਾਰਟੀ ਆਫਿ ਇੰਡੀਆ (ਅਠਾਵਲੇ) ਦੇ ਸਟੇਟ ਕਨਵੀਨਰ ਸ੍ਰ ਸਤਨਾਮ ਸਿੰਘ ਗਿੱਲ ਦੀ ਅਗਵਾਈ ਹੇਠ ਸਕੂਲ ਦੀ ਹਦੂਦ ‘ਚ ਸ਼ਾਤਮਈ ਰੋਸ ਧਰਨਾ ਦਿੱਤਾ।

ਹਜਾਰਾਂ ਮਾਪਿਆਂ ਦੀ ਅਗਵਾਈ ਕਰਦੇ ਹੋਏ ਸ੍ਰ ਸਤਨਾਮ ਸਿੰਘ ਗਿੱਲ ਨੇ ਲੋਕਾਂ ‘ਚ ਸਬੂਤਾਂ ਸਮੇਤ ਸਾਬਤ ਕੀਤਾ ਕਿ ਸੂਬੇ ਦੇ ਸਮੂਹ ਮਾਨਤਾ ਪ੍ਰਾਪਤ ਸਕੂਲ ਸਰਕਾਰ ਵੱਲੋਂ 18 ਨਵੰਬਰ 2010 ‘ਚ ਸਿੱਖਿਆ ਦਾ ਅਧਿਕਾਰ ਕਨੂੰਨ 2009 ਦੀ ਪਾਲ੍ਹਣਾ ਨੂੰ ਯਕੀਨੀ ਬਣਾਉਂਣ ਲਈ ਜਾਰੀ ਕੀਤੇ ਨੋਟੀਫੀਕੇਸ਼ਨ ਦੀ ਪਾਲ੍ਹਣਾ ਨਾ ਕਰਨ ਤੇ ਫਰਜ਼ ‘ਚ ਕੌਤਾਹੀ ਦੇ ਲਈ ਕਸੂਰਵਾਰ ਪਾਏ ਗਏ ਹਨ।

ਉਨ੍ਹਾਂ ਨੇ ਦੱਸਿਆ ਕਿ ਮੇਰੀ ਅਗਵਾਈ ਹੇਠਲੀ ਆਰਪੀਆਈ ਅਠਾਵਲੇ ਦੀ ਕਮੇਟੀ ਨੇ ਪੜਚੋਲ ਕਰਕੇ ਜੋ ਸਿੱਟਾ ਰਿਪੋਰਟ ਮੈਂਨੂੰ ਸੌਂਪੀ ਹੈ।ਉਸ ਦੇ ਅਨੁਸਾਰ ਸੂਬੇ ਦੇ ਕਿਸੇ ਵੀ ਮਾਨਤਾ ਪ੍ਰਾਪਤ ਸਕੂਲ ਦੀ ਮੈਂਨਜਮੈਂਟ ਨੇ ਸਿੱਖਿਆ ਦਾ ਅਧਿਕਾਰ ਕਨੂੰਨ 2009 ਦਾ ਵੇਰਵਾ ਨਾ ਹੀ ਪ੍ਰਾਸਪੈਕਟ ‘ਚ ਦਿੱਤਾ ਹੈ ਨਾਂ ਹੀ ਸਕੂਲ ਦੀ ਈਮਾਰਤ ਤੇ ਕੋਟੇ ਦੀਆ ਸੀਟਾਂ ਦਾ ਜ਼ਿਕਰ ਕੀਤਾ ਹੈ।

ਉਨ੍ਹਾ ਦੀ ਅਗਵਾਈ ਹੇਠ ਅੱਜ ਆਰਪੀਆਈ ਅਠਾਵਲੇ ਦੇ ਕਨਵੀਨਰ ਸ੍ਰ ਸਤਨਾਮ ਸਿੰਘ ਗਿੱਲ ਦੀ ਅਗਵਾਈ ਹੇਠ ਸ੍ਰੀਮਤੀ ਹਰਪ੍ਰੀਤ ਕੌਰ ਬੱਲ, ਸ੍ਰ ਜਸਪਾਲ ਸਿੰਘ ਬੱਲ,ਗੋਪਾਲ ਸਿੰਘ ਉਮਰਾਨੰਗਲ ਸ਼੍ਰੀਮਤੀ ਜਸਬੀਰ ਕੌਰ,ਸ਼੍ਰੀਮਤੀ ਰਾਜਵਿੰਦਰ ਕੌਰ,ਹਰਪਾਲ ਸਿੰਘ ਚੀਮਾਬਾਠ,ਸ੍ਰ ਰਾਜ ਸਿੰਘ ਸਠਿਆਲਾ, ਸ੍ਰ ਸ਼ੇਰ ਸਿੰਘ ਮੀਆਂਵਿੰਗ ਅੰਮ੍ਰਿਤਪਾਲ ਸਿੰਘ ਸਠਿਆਲਾ,ਰਣਜੀਤ ਸਿੰਘ ਮੱਲ੍ਹੀ ਅਤੇ ਸਖਦੇਵ ਸਿੰਘ ਖਾਲਸਾ ਅਧਾਰਿਤ ‘ਵਫਦ’ ਨੇ ਸ਼ਹੀਡ ਦਰਸ਼ਨ ਸਿੰਘ ਫੇਰੂਮਾਨ ਪਬਲਿਕ ਸਕੂਲ ਰਈਆ ਦੀ ਪ੍ਰਿੰਸੀਪਲ ਕਵਿਤਾ ਚਾਹਲ, ਟਰੱਸਟ ਦੇ ਚੇਅਰਮੈਨ ਸ੍ਰ ਬਲਜੀਤ ਸਿੰਘ ਦੇਖੋਂ ਸਮੇਤ ਬਾਕੀ ਦੇ ਪ੍ਰਬੰਧਕੀ ਮੈਂਬਰਾਂ ਨਾਲ ਸਵਾ ਘੰਟਾਂ ਮੀਟਿੰਗ ਕੀਤੀ।

ਮੀਟਿੰਗ ‘ਚ ਹੋਈ ਹੋਈ ਚਰਚਾ ‘ਚ ਕੁਝ ਮੁੱਦਿਆਂ ਤੇ ਸਹਿਮਤੀ ਬਣੀ, ਮੌਕੇ ਤੇ ਮਾਪਿਆਂ ਦਾ ਪ੍ਰਭਾਵ ਕਬੂਲਦੇ ਹੋਏ ਸਕੂਲ ਨੇ ਵਧੀਆਂ ਫੀਸਾਂ ਦੇ ਫੈਸਲੇ ਨੂੰ ਵਾਪਸ ਲੈਣ ਦਾ ਐਲਾਨ ਕੀਤਾ।

ਕੋਟੇ ਦੀਆਂ ਸੀਟਾਂ ਨੂੰ ਬਹਾਲ ਕਰਨ ਅਤੇ ਮਾਪਿਆਂ ਦੀਆਂ ਸ਼ਿਕਾਇਤਾਂ ਤੇ ਵਿਚਾਰ ਕਰਨ ਲਈ ਕੁਝ ਸਮਾ ਮੰਗਿਆ ਗਿਆ। ਵਫਦ ਨੇ ਸਕੂਲ ਦੇ ਪ੍ਰਬੰਧਕਾਂ ਨੂੰ 21 ਤਰੀਕ 2022 ਤੱਕ ਸੋਚ ਵਿਚਾਰ ਕਰਨ ਦਾ ਸਮਾ ਦਿੱਤਾ।

ਪ੍ਰੈਸ ਦੇ ਨਾਲ ਗੱਲਬਾਤ ਕਰਦੇ ਹੋਏ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਕਨੂੰਨੀ ਤੌਰ ਤੇ ਸਕੂਲ ‘ਚ ਖਾਮੀਆਂ ਪਈਆਂ ਗਈਆਂ ਹਨ, ਪਰ ਉਨ੍ਹਾਂ ਨੇ ਖਾਮੀਆਂ ਦੂਰ ਕਰਨ ਲਈ 21 ਤਰੀਕ ਦਾ ਸਮਾ ਮੰਗਿਆ ਹੈ। ਇਸ ਲਈ ਮਾਪਿਆਂ ਦੀ ਸਹਿਮਤੀ ਨਾਨ ਹੁਣ 21 ਤਰੀਕ ਨੂੰ 1 ਵਜੇ ਅਸੀ ਵਫਦ ਦੇ ਤੌਰ ਤੇ ਮੁੜ ਪ੍ਰਬੰਧਕੀ ਅਮਲੇ ਨਾਲ ਬੈਠਾਂਗੇ ਜੇਕਰ ਮਾਪਿਆਂ ਨੂੰ ਰਾਹਤ ਦੇਣ ਵਾਲਾ ਫੈਸਲਾ ਨਾ ਹੋਇਆ ਤਾਂ ਫਿਰ ਅਸੀਂ ਸਕੂਲ ਨਾਲ ਨਜਿੱਠਣ ਲਈ ਕਨੂੰਨੀ ਚਾਰਾਜੋਈ ਕਰਨ ਦਾ ਰਸਤਾ ਅਖਤਿਆਰ ਕਰਾਂਗੇ।

- **ਸਕੂਲ ਮੈਂਨਜਮੈਂਟ ਅਤੇ ਮਾਪਿਆਂ ਦੇ ‘ਵਫਦ’ ਦੀ ਮੀਟਿੰਗ ਰਹੀ ਬੇਸਿੱਟਾ**
- **ਕੋਟੇ ਦੀਆਂ ਸੀਟਾਂ ਤੇ ਬੁਰੀ ਤਰ੍ਹਾਂ ਘਿਰੇ ਸਕੂਲ ਵਾਲੇ**

# ਜ਼ਿਲ੍ਹੇ ਦੇ ਨੌਜੁਆਨਾਂ ਨੂੰ ਸਰਕਾਰੀ ਨੌਕਰੀਆਂ ਲਈ ਮੁਫ਼ਤ ਕੋਚਿੰਗ ਦਿੱਤੀ ਜਾਵੇਗੀ-ਏ ਡੀ ਸੀ ਅਮਿਤ ਸਰੀਨ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਸਰਕਾਰ ਦੇ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਮਿਸ਼ਨ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸ਼ਹੀਦ ਭਗਤ ਸਿੰਘ ਨਗਰ ਵਲੋਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਹੋਣ ਵਾਲੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਮੁਫਤ ਕੋਚਿੰਗ ਕਲਾਸਾਂ ਦੀ ਜਲਦ ਸ਼ੁਰੂਆਤ ਹੋਣ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਮੇਜਰ ਅਮਿਤ ਸਰੀਨ ਵਧੀਕ ਡਿਪਟੀ ਕਮਿਸ਼ਨਰ-ਕਮ-ਮੁੱਖ ਕਾਰਜਕਾਰੀ ਅਫਸਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਇਹ ਕੋਚਿੰਗ ਬਿਊਰੋ ਵੱਲੋਂ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ, ਸਵੈ-ਰੋਜ਼ਗਾਰ ਅਤੇ ਹੁਨਰ ਵਿਕਾਸ ਰਾਹੀਂ ਆਪਣੇ ਪੈਰਾਂ ’ਤੇ ਖੜ੍ਹਾ ਕਰਨ ਲਈ ਕੀਤੇ ਜਾ ਰਹੇ ਉੱਦਮਾਂ ਦਾ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਇਹ ਕੋਚਿੰਗ ਕਲਾਸਾਂ ਕੇ.ਸੀ. ਗਰੁੱਪ ਆਫ ਇੰਸਟੀਟਿਊਟ ਨਵਾਂਸ਼ਹਿਰ ਵਿਖੇ ਲਗਾਈਆਂ ਜਾਣਗੀਆਂ। ਇਹ ਕੋਚਿੰਗ ਕਲਾਸਾਂ ਬਿਲਕੁਲ ਮੁਫ਼ਤ ਹੋਣਗੀਆਂ।ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਜੀਵ ਕੁਮਾਰ ਨੇ ਦੱਸਿਆ ਕਿ ਇਸ ਸਬੰਧ ਵਿੱਚ ਇੱਕ ਰਜਿਸਟ੍ਰੇਸ਼ਨ ਕੈਂਪ ਕੇ. ਸੀ. ਗਰੁੱਪ ਆਫ ਇੰਸਟੀਟਿਊਟ ਵਿਖੇ ਲਗਾਇਆ ਗਿਆ ਜਿਸ ਵਿੱਚ ਸ਼੍ਰੀ ਹਰਮਨਦੀਪ ਸਿੰਘ ਕਰੀਅਰ ਕਾਊਂਸਲਰ, ਡੀ.ਬੀ.ਈ.ਈ. ਵੱਲੋਂ ਮੌਕੇ ’ਤੇ ਹੀ ਰਜਿਸਟ੍ਰੇਸ਼ਨ ਕੀਤੀ ਗਈ ਅਤੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੀਆਂ ਗਤੀਵਿਧੀਆਂ ਬਾਰੇ ਪ੍ਰਾਰਥੀਆਂ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਚਾਹਵਾਨ ਪ੍ਰਾਰਥੀ ਇਹਨਾਂ ਕਲਾਸਾਂ ਲਈ ਆਪਣੀ ਰਜਿਸਟਰੇਸ਼ਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਡੀ.ਸੀ.ਕੰਪਲੈਕਸ ਤੀਜੀ ਮੰਜ਼ਿਲ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਆ ਕੇ ਕਰਵਾ ਸਕਦੇ ਹਨ। ਪ੍ਰਾਰਥੀ ਆਪਣੀ ਯੋਗਤਾ ਦੇ ਅਸਲ ਸਰਟੀਫਿਕੇਟ, ਇੱਕ-ਇੱਕ ਪਾਸਪੋਰਟ ਸਾਈਜ਼ ਫੋਟੋ ਅਤੇ ਅਧਾਰ ਕਾਰਡ ਨਾਲ ਲੈ ਕੇ ਆਉਣ।

# ਸੰਯੁਕਤ ਕਿਸਾਨ ਸਭਾ ਦੇ ਸੁਭਾਸ਼ ਨਸ਼ਕਰ ਪ੍ਰਧਾਨ ਅਤੇ ਕਰਨੈਲ ਸਿੰਘ ਇਕੋਲਾਹਾ ਕੌਮੀ ਜਨਰਲ ਸਕੱਤਰ ਬਣੇ



**ਖੰਨਾ/ਤਜਿੰਦਰ ਸਿੰਘ**

ਆਲ ਇੰਡੀਆ ਸੰਯੁਕਤ ਕਿਸਾਨ ਸਭਾ ਦੇ ਦਿੱਲੀ ਵਿਖੇ ਹੋਏ ਕੌਮਾਂਤਰੀ ਡੈਲੀਗੇਟ ਇਜਲਾਸ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਜਿਸ ਵਿੱਚ ਵੱਖ ਵੱਖ ਰਾਜਾ ਦੇ ਡੈਲੀਗੇਟਾ ਨੇ ਭਾਗ ਲਿਆ।ਜਿਸ ਵਿੱਚ ਕਾਮਰੇਡ ਮਨੋਜ ਭੱਟਾਚਾਰੀਆ ਅਤੇ ਕਾਮਰੇਡ ਐਨ.ਕੇ.ਪ੍ਰੇਮਚੰਦਰਨ ਮੈਂਬਰ ਪਾਰਲੀਮੈਂਟ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।ਇਸ ਮੌਕੇ ਕਾਮਰੇਡ ਸੁਭਾਸ਼ ਨਾਸਕਰ ਨੂੰ ਆਲ ਇੰਡੀਆ ਸੰਯੁਕਤ ਕਿਸਾਨ ਸਭਾ ਦਾ ਕੌਮੀ ਪ੍ਰਧਾਨ , ਕਾਮਰੇਡ ਕਰਨੈਲ ਸਿੰਘ ਇਕੋਲਾਹਾ ਕੌਮੀ ਜਨਰਲ ਸਕੱਤਰ,ਕੇ. ਐਸ.ਵੇਨੂੰਗੋਪਾਲ ਤੇ ਐਸ.ਮੈਟੀ ਮੀਤ ਪ੍ਰਧਾਨ, ਜਾਨੇ ਆਲਮ ਮੀਆਂ ਤੇ ਕੇ. ਜੀ.ਵੀ.ਪੀਲਈ ਸਕੱਤਰ ,ਟੀ. ਮਿਥਾਈ ਖਜਾਨਚੀ ਅਤੇ ਐਸ.ਐਸ. ਸੁਧੀਰ,ਜਤਿਨ ਮਹਿਰਾ, ਸੋਨੂ ਸਿੰਘ ਸੰਗਰੂਰ, ਸ਼ਿਵਾਜੀ ਤੇਲੰਗਾਨਾ, ਏ.ਸੰਜੀਵ, ਐਨ.ਓਮਨਕੁਟਮ, ਲੇਖ ਰਾਮ

# ਲੋਕਾਂ ਦੇ ਸੇਵਕ ਵਜੋਂ ਆਪਣਾ ਫਰਜ਼ ਨਿਭਾਓ-ਮੁੱਖ ਮੰਤਰੀ ਨੇ ਸਿਵਲ ਤੇ ਪੁਲੀਸ ਪ੍ਰਸ਼ਾਸਨ ਨੂੰ ਦਿੱਤੇ ਹੁਕਮ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ:-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਮਿਲੇ ਲਾਮਿਸਾਲ ਫਤਵੇ ਦਾ ਸਤਿਕਾਰ ਕਰਦੇ ਹੋਏ ਸੂਬੇ ਦੇ ਸਿਵਲ ਤੇ ਪਲੀਸ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਨੂੰ ਜਨਤਾ ਦੇ ਸੇਵਕ ਵਜੋਂ ਆਪਣਾ ਫਰਜ਼ ਸਹੀ ਭਾਵਨਾ ਨਾਲ ਨਿਭਾਉਣ ਦਾ ਸੱਦਾ ਦਿੱਤਾ।ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਅੱਜ ਬਾਅਦ ਦੁਪਹਿਰ ਇੱਥੇ ਮੁੱਖ ਮੰਤਰੀ ਦਫ਼ਤਰ ਵਿਖੇ ਪਹਿਲੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਮਾਨ ਨੇ ਕਿਹਾ ਕਿ ਜਿੰਨਾ ਲੋਕਾਂ ਨੇ ਸਾਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ, ਜਮਹੂਰੀਅਤ ਵਿਚ ਇਹੀ ਲੋਕ ਅਸਲ ਸ਼ਾਸਕ ਹੁੰਦੇ ਹਨ ਅਤੇ ਸਿਆਸਤਦਾਨਾਂ ਨੂੰ ਸੱਤਾ ਵਿਚ ਰਹਿਣ ਜਾਂ ਬਾਹਰ ਦਾ ਰਸਤਾ ਦਿਖਾਉਣ ਦੀ ਤਾਕਤ ਵੀ ਇਹਨਾਂ ਲੋਕਾਂ ਦੇ ਹੱਥ ਵਿਚ ਹੁੰਦੀ ਹੈ। ਭਾਰਤੀ ਕ੍ਰਿਕਟ ਟੀਮ ਦੀ ਕਾਰਗੁਜ਼ਾਰੀ ਦੀ ਮਿਸਾਲ ਦਿੰਦੇ ਹੋਏ ਮਾਨ ਨੇ ਕਿਹਾ, ਮੈਚ ਵਿਚ ਜਿੱਤ ਹੋਵੇ ਜਾਂ ਹਾਰ ਹੋਵੇ ਪਰ ਟੀਮ ਦਾ ਜਜ਼ਬਾ ਸਭ ਤੋਂ ਵੱਧ ਮਾਅਨੇ ਰੱਖਦਾ ਹੈ। ਇਸੇ ਕਰਕੇ ਉਨ੍ਹਾਂ ਨੇ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਲਈ ਅਧਿਕਾਰੀਆਂ ਨੂੰ ਟੀਮ ਦੀ ਭਾਵਨਾ ਨਾਲ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, ਸਾਡਾ ਮੁੱਖ ਸਰੋਕਾਰ ਪੰਜਾਬ ਨੂੰ ਲੰਡਨ, ਕੈਲੇਫੋਰਨੀਆ ਜਾਂ ਪੈਰਿਸ ਬਣਾਉਣਾ ਨਹੀਂ ਸਗੋਂ ਅਸਲ ਪੰਜਾਬ ਬਣਾਉਣਾ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਿਆਸੀ ਬਦਲਾਖੋਰੀ ਦੇ ਰਾਹ ਨਹੀਂ ਪਵੇਗੀ ਅਤੇ ਉਨ੍ਹਾਂ ਨੇ ਸਮੁੱਚੀ ਪ੍ਰਸ਼ਾਸਕੀ ਮਸ਼ੀਨਰੀ ਨੂੰ ਕਿਹਾ ਕਿ ਉਹ ਪਿਛਲੀਆਂ ਸਰਕਾਰਾਂ ਦੇ ਉਲਟ ਆਪਣੀ ਡਿਊਟੀ ਬਿਨਾਂ ਕਿਸੇ ਸਿਆਸੀ ਦਬਾਅ ਅਤੇ ਡਰ-ਭੈਅ ਤੋਂ ਸਮਰਪਿਤ ਭਾਵਨਾ, ਸੰਜੀਦਗੀ ਅਤੇ ਦਿਆਨਤਦਾਰੀ ਨਾਲ ਨਿਭਾਉਣ ਤਾਂ ਕਿ ਪੰਜਾਬੀਆਂ ਦੀਆਂ ਉਮੀਦਾਂ ਉਤੇ ਖਰਾ ਉਤਰਿਆ ਜਾ ਸਕੇ ਜਿਨ੍ਹਾਂ ਨੇ ਸ਼ਾਨਦਾਰ ਫਤਵਾ ਦੇ ਕੇ ਆਮ ਆਦਮੀ ਪਾਰਟੀ ਨੂੰ ਸੂਬੇ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਮਾਨ ਨੇ ਅੱਗੇ ਕਿਹਾ, ਮੈਂ ਪਿਛਲੀਆਂ ਸਰਕਾਰਾਂ ਵਾਂਗ ਆਪਣੇ ਕੋਲ ਲਾਲ ਡਾਇਰੀ ਨਹੀਂ ਰੱਖਦਾ ਸਗੋਂ ਮੇਰੇ ਕੋਲ ਤਾਂ ਹਰੀ ਡਾਇਰੀ ਹੁੰਦੀ ਹੈ ਜਿਸ ਕਰਕੇ ਕਿਸੇ ਤਰ੍ਹਾਂ ਦੀ ਬਦਲਾਖੋਰੀ ਬਾਰੇ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ। ਸਿਵਲ ਤੇ ਪੁਲੀਸ ਅਫਸਰਾਂ ਦੀ ਬੇਮਿਸਾਲ ਸਮਰਥਾ ਤੇ ਕਾਬਲੀਅਤ ਦੀ ਸ਼ਲਾਘਾ ਕਰਦੇ ਹੋਏ ਮਾਨ ਨੇ ਕਿਹਾ, ਮੈਂ ਤੁਹਾਡੇ ਤੋਂ ਆਸ ਕਰਦਾਂ ਹਾਂ ਕਿ ਤੁਸੀਂ ਆਮ ਲੋਕਾਂ ਦਾ ਸਤਿਕਾਰ ਕਰੋ ਅਤੇ ਬਦਲੇ ਵਿਚ ਅਸੀਂ ਵੀ ਤਹਾਨੂੰ ਲੋਕ ਸੇਵਕ ਦੇ ਤੌਰ 'ਤੇ ਸਹੀ ਮਾਅਨਿਆਂ ਵਿਚ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਬਣਦਾ ਮਾਣ-ਸਤਿਕਾਰ ਦਿਆਂਗੇ। ਬਿਨਾਂ ਕੋਈ ਸੰਕੋਚ ਵਰਤਦਿਆਂ ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ, ਮੇਰੀ ਸਰਕਾਰ ਵਿਚ ਭ੍ਰਿਸ਼ਟ ਅਫਸਰਾਂ ਲਈ ਕੋਈ ਥਾਂ ਨਹੀਂ ਹੈ ਅਤੇ ਜੇਕਰ ਅਜਿਹੀ ਕੋਈ ਸ਼ਿਕਾਇਤ ਮੇਰੇ ਧਿਆਨ ਵਿਚ ਆ ਗਈ ਤਾਂ ਇਹੋ ਜਿਹੇ ਅਫਸਰ ਮੈਥੋਂ ਹਮਦਰਦੀ ਦੀ ਝਾਕ ਨਾ ਰੱਖਣ। ਭ੍ਰਿਸ਼ਟਾਚਾਰ ਮੁਕਤ ਸਰਕਾਰ ਨੂੰ ਯਕੀਨੀ ਬਣਾਉਣ ਲਈ ਮਾਨ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਆਉਣ ਵਾਲੇ 23 ਮਾਰਚ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਇਕ ਵਟਸਐਪ ਨੰਬਰ ਸ਼ੁਰੂ ਕਰੇਗੀ ਤਾਂ ਜੋ ਲੋਕਾਂ ਵੱਲੋਂ ਆਪਣੇ ਰੋਜ਼ਾਨਾ ਦੇ ਕੰਮਾਂ ਲਈ ਰਿਸ਼ਵਤ ਮੰਗਣ ਵਾਲੇ ਭ੍ਰਿਸ਼ਟ ਅਧਿਕਾਰੀਆਂ ਜਾਂ ਹੋਰ ਗਲਤ ਕੰਮਾਂ ਵਿੱਚ ਸ਼ਾਮਲ ਅਧਿਕਾਰੀਆਂ ਦੀਆਂ ਵੀਡੀਓਜ਼ ਅਪਲੋਡ ਕੀਤੀਆਂ ਜਾ ਸਕਣ ਅਤੇ ਅਜਿਹੇ ਗਲਤ ਅਧਿਕਾਰੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾ ਸਕੇ।

# ਹੋਲਾ ਮਹੱਲਾ ਅਨੰਦਪੁਰ ਸਾਹਿਬ ਜਾਣ ਵਾਲੀਆਂ ਸੰਗਤਾਂ ਲਈ ਲਗਾਇਆ ਲੰਗਰ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਹਰ ਸਾਲ ਦੀ ਤਰ੍ਹਾਂ ਜਲੰਧਰ ਰੋਡ ਧਰਮਕੋਟ ਵਿਖੇ ਦਸਮੇਸ਼ ਯੂਥ ਕਲੱਬ ਵੱਲੋਂ ਹੋਲੇ ਮਹੱਲੇ ਤੇ ਲੰਗਰ ਲਗਾਇਆ ਗਿਆ। ਹੋਲੇ ਮਹੱਲੇ ਤੇ ਜਾਂਦੀਆਂ ਸੰਗਤਾਂ ਨੂੰ ਲੰਗਰ ਛਕਾਇਆ ਗਿਆ ਹੈ। ਪਿਛਲੇ ਛੇ ਦਿਨਾਂ ਤੋਂ ਹੋਲੇ ਮਹੱਲੇ ਤੇ ਜਾ ਰਹੀਆਂ ਸੰਗਤਾਂ ਲਈ ਦਿਨ-ਰਾਤ ਲੰਗਰ ਲਗਾਇਆ ਗਿਆ। ਹਰ ਸਾਲ ਦੀ ਤਰਾਂ ਢੋਸ ਪਰਿਵਾਰ ਵੱਲੋਂ ਲੰਗਰ ਦੀ ਸੇਵਾ ਵਿਚ ਪਹੁੰਚੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਮਾਤਾ ਜੀ ਨੇ ਲੰਗਰ ਵਿੱਚ ਸੇਵਾ ਦਾ ਯੋਗਦਾਨ ਪਾਇਆ। ਇਸ ਮੌਕੇ ਲੰਗਰ ਦੀ ਸੇਵਾ ਕਰ ਰਹੇ ਕੁਲਵੰਤ ਸਿੰਘ ਬਾਠ ਹਰਪਾਲ ਸਿੰਘ ਬਾਠ ਹਰਜਿੰਦਰ ਸਿੰਘ ਗੁਰਵੰਤ ਸਿੰਘ ਅਮਰਦੀਪ ਸਿੰਘ ਸੁਖਵਿੰਦਰ ਸਿੰਘ ਹਰਜਿੰਦਰ ਸਿੰਘ ਆਦਿ ਸੇਵਾਦਾਰ ਹਾਜ਼ਰ ਸਨ।





# ਸ਼ਾਹੀਨ ਗਿੱਲ ਨੇ ਜੋਰਡਨ ਏਸ਼ੀਅਨ ਖੇਡਾਂ ਵਿੱਚ ਗੋਲਡ ਮੈਡਲ ਜਿੱਤਿਆ

## ਖੰਨਾ ਨੂੰ ਮੁੱਕੇਬਾਜ਼ੀ ਨਾਲ ਪ੍ਰਸਿੱਧੀ ਦਿਵਾਉਣ ਵਾਲੇ ਅਜੀਤ ਬਖਸ਼ੀ ਦੀ ਸ਼ਾਗਿਰਦ ਸ਼ਾਹੀਨ ਗਿੱਲ ਨੇ ਵੀ ਇਤਿਹਾਸ ਰਚਿਆ।

**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਪੰਜਾਬ ਦੇ ਖੰਨਾ ਸ਼ਹਿਰ ਦੀ ਧੀ ਸ਼ਾਹੀਨ ਗਿੱਲ ਨੇ ਰਚਿਆ ਇਤਿਹਾਸ ਜੋਰਡਨ ਏਸ਼ੀਅਨ ਖੇਡਾਂ ਵਿੱਚ ਗੋਲ ?ਡ ਮੈਡਲ ਜਿੱਤਿਆ ਉਹ ਖੰਨਾ ਨੂੰ ਮੁੱਕੇਬਾਜ਼ੀ ਵਿਚ ਪ੍ਰਸਿੱਧੀ ਦਿਵਾਉਣ ਵਾਲੇ ਪ੍ਰਸਿੱਧ ਬਾਕਸਿੰਗ ਕੋਚ ਅਜੀਤ ਬਖਸ਼ੀ ਦੀ ਸ਼ਾਗਿਰਦ ਹੈ ਉਹ ਏਸ਼ੀਅਨ ਚੈਂਪੀਅਨ ਬਣ ਕੇ ਆਪਣੇ ਸ਼ਹਿਰ ਪਹੁੰਚੀ ਹੈ, ਜਿਸ ਨੇ ਖੰਨਾ ਸ਼ਹਿਰ ਦਾ ਨਾਂ ਰੌਸ਼ਨ ਕੀਤਾ ਹੈ। ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ ਅਨੁਜ ਛਾਹੜੀਆ ਅਤੇ ਨੀਲਕੰਠ ਕਲਾਥ ਹਾਊਸ ਨੇ ਸਮਾਜ ਸੇਵੀ ਬੀਬੀ ਫਾਤਿਮਾ ਦੀ ਪੋਤੀ ਸ਼ਾਹੀਨ ਗਿੱਲ ਦਾ ਸਵਾਗਤ ਕੀਤਾ। ਵਿਕਾਸ ਅਗਰਵਾਲ, ਰੋਹਿਤ ਅਗਰਵਾਲ, ਗੋਲਡੀ ਤਿਵਾੜੀ, ਨਿਖਿਲ, ਰਾਮਚੰਦਰ, ਵਿਸ਼ਾਲ ਗਰਗ ਵੀ ਉਨ੍ਹਾਂ ਨਾਲ ਸ਼ਾਮਲ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਛਾਹੜੀਆ ਨੇ ਦੱਸਿਆ ਕਿ ਬੱਚਿਆਂ ਨੂੰ ਬਾਕਸਿੰਗ ਦੇ ਗੁਰ ਦੇਣ ਲਈ ਦਿਨ-ਰਾਤ ਮਿਹਨਤ ਕਰ ਰਹੇ ਸ਼ਾਹੀਨ ਦੇ ਕੋਚ ਅਜੀਤ ਬਖਸ਼ੀ ਨੇ ਕੁਝ ਮਹੀਨੇ ਪਹਿਲਾਂ ਇਸ ਖਿਡਾਰਨ ਨੂੰ ਉਸ ਦੇ ਚੰਗੇ ਪ੍ਰਦਰਸ਼ਨ ਲਈ ਸਨਮਾਨਿਤ ਕਰਨ ਲਈ ਬੁਲਾਇਆ ਸੀ। ਇਸ ਤੋਂ ਪਹਿਲਾਂ ਵੀ ਇਸ ਲੜਕੀ ਨੇ ਸਿਰਫ਼ ਦੋ ਸਾਲਾਂ ਦੀ ਸਖ਼ਤ ਮਿਹਨਤ ਨਾਲ ਇੰਟਰ ਯੂਨੀਵਰਸਿਟੀ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਹੁਣ ਇਸ ਖਿਡਾਰੀ ਦਾ ਓਲੰਪਿਕ ਦਾ ਰਾਹ ਆਸਾਨ ਹੋ ਗਿਆ ਹੈ ਅਤੇ ਪੂਰੇ ਸ਼ਹਿਰ ਨੂੰ ਉਮੀਦ ਹੈ ਕਿ ਇਹ ਉਲੰਪਿਕ ਖੇਡਾਂ ਵਿੱਚ ਵੀ ਸੋਨ ਤਗਮੇ ਲਿਆ ਕੇ ਸ਼ਹਿਰ ਅਤੇ ਪੰਜਾਬ ਦਾ ਨਾਂ ਰੌਸ਼ਨ ਕਰੇਗੀ ਛਾਹੜੀਆ ਨੇ ਸ਼ਾਹੀਨ ਦੇ ਪਿਤਾ ਸੋਨੀ ਗਿੱਲ ਸਮੇਤ ਸਮੁੱਚੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਕੋਚ ਦਾ ਧੰਨਵਾਦ ਕੀਤਾ।

# ਅਮਰਦੀਪ ਕਾਲਜ ਦੇ ਬੀ.ਸੀ.ਏ. ਸਮੈਸਟਰ ਪਹਿਲਾ ਕਲਾਸ ਦੇ ਨਤੀਜੇ ਸਤ ਪ੍ਰਤੀਸ਼ਤ ਰਹੇ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਐਲਾਨੇ ਗਏ ਬੀ.ਸੀ.ਏ. ਸਮੈਸਟਰ ਪਹਿਲਾ ਕਲਾਸ ਦੇ ਨਤੀਜਿਆਂ ਵਿੱਚ ਯੂਨੀਵਰਸਿਟੀ ਕਾਲਜ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦਾ ਨਤੀਜਾ 100 % ਪ੍ਰਤੀਸ਼ਤ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਪ੍ਰਿੰਸੀਪਲ ਡਾ. ਗੁਰਜੰਟ ਸਿੰਘ ਨੇ ਦੱਸਿਆ ਕਿ ਕਾਲਜ ਵਿਦਿਆਰਥਣ ਸਿਮਰਨ ਕੌਰ ਸਪੁੱਤਰੀ ਸ੍ਰੀ ਕਸ਼ਮੀਰੀ ਲਾਲ ਵਾਸੀ ਪਿੰਡ ਭਾਰ ਸਿੰਘ ਪੁਰ ਨੇ 86.25 ਪ੍ਰਤੀਸ਼ਤ ਅੰਕ ਹਾਸਲ ਕਰਕੇ ਜਿਲ੍ਹੇ 'ਚੋ ਤੀਸਰਾ ਸਥਾਨ, ਅੰਜਨਾ ਬੰਗੜ ਸਪੁੱਤਰੀ ਸ੍ਰੀ ਗਿਆਨ ਚੰਦ ਵਾਸੀ ਪਿੰਡ ਚੱਕ ਰਾਮੂ ਨੇ 82.5 ਪ੍ਰਤੀਸ਼ਤ ਅੰਕ ਹਾਸਲ ਕਰਕੇ ਕਲਾਸ 'ਚੋ ਦੂਸਰਾ ਅਤੇ ਧਰਮਪ੍ਰੀਤ ਸਿੰਘ ਸਪੁੱਤਰ ਸ. ਜਸਪਾਲ ਸਿੰਘ ਵਾਸੀ ਪਿੰਡ ਬਖਲੌਰ ਨੇ 81.5 ਪ੍ਰਤੀਸ਼ਤ ਅੰਕ ਹਾਸਲ ਕਰਕੇ ਕਲਾਸ 'ਚੋਂ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਵਿਭਾਗ ਦੇ ਮੁਖੀ ਪ੍ਰੋ. ਸੁਖਮਿੰਦਰ ਦਾਸ ਬਾਵਾ, ਪ੍ਰੋ. ਸਰਬਜੀਤ ਸਿੰਘ ਅਤੇ ਹੋਰ ਪ੍ਰਾਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

# ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਲੋਕਾਂ ਦੀਆਂ ਆਸਾਂ ਤੇ ਉਤਰਨਗੇ ਪੂਰਾ : ਡਾ ਰਣਜੀਤ ਸ਼ਮਸ਼ੇਰ ਸਿੰਘ ਐਸਡੀਓ

**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਆਮ ਆਦਮੀ ਪਾਰਟੀ ਵੱਲੋਂ ਵੱਡੀ ਲੀਡ ਤੇ ਜਿੱਤ ਪ੍ਰਾਪਤ ਕੀਤੀ ਹੈ ਡਾ ਰਣਜੀਤ ਸਿੰਘ ਲੁਧਿਆਣਾ ਅਤੇ ਸ਼ਮਸ਼ੇਰ ਸਿੰਘ ਐਸਡੀਓ ਧਰਮਕੋਟ ਨੇ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਜਿੱਤ ਦੀ ਵਧਾਈ ਦਿੱਤੀ ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਲਾਡੀ ਢੋਸ ਹਲਕਾ ਧਰਮਕੋਟ ਦੇ ਲੋਕਾਂ ਨਾਲ ਕੀਤਾ ਇਕ ਇਕ ਵਾਅਦਾ



ਪੂਰਾ ਕਰਨਗੇ ਤੇ ਸ਼ਹਿਰ ਵਿੱਚ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਗੇ ਸ਼ਹਿਰ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਪਹਿਲ ਦੇ ਅਧਾਰ ਤੇ ਪੂਰਾ ਕਰਨਗੇ ਧਰਮਕੋਟ ਹਲਕਾ ਇਕ ਨਵੀਂ ਦਿੱਖ ਵਿੱਚ ਉਭਰੇਗਾ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਜਿੱਤਣ ਨਾਲ ਸ਼ਹਿਰ ਵਿੱਚ ਖੁਸ਼ੀ ਦਾ ਮਾਹੌਲ ਹੈ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਪਾਵਰਕੌਮ ਦੇ ਸੀ ਐੱਚ ਬੀ ਠੇਕਾ ਮੁਲਾਜ਼ਮਾਂ ਦੀ ਜਥੇਬੰਦੀ ਵੱਲੋਂ ਚੇਅਰਮੈਨ ਬਲਦੇਵ ਸਿੰਘ ਸਰਾਂ ਨੂੰ ਦਿੱਤਾ ਮੰਗ ਪੱਤਰ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਲਟਕਦੀਆਂ ਮੰਗਾਂ ਨੂੰ ਲੈ ਕੇ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਪੰਜਾਬ ਸਟੇਟ ਕਾਰਪੋਰੇਸ਼ਨ ਲਿਮਟਿਡ ਪਟਿਆਲਾ ਚੇਅਰਮੈਨ ਬਲਦੇਵ ਸਿੰਘ ਸਰਾਂ ਅਤੇ ਪ੍ਰਬੰਧਕੀ ਡਾਇਰੈਕਟਰ ਪਾਵਰਕਾਮ ਆਈ ਆਰ ਦਫਤਰ ਨੂੰ ਜਥੇਬੰਦੀ ਵੱਲੋਂ ਮੰਗ ਪੱਤਰ ਸੌਂਪਿਆ ਗਿਆ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਸੂਬਾ ਸਕੱਤਰ ਰਜੇਸ਼ ਕੁਮਾਰ ਨੇ ਦੱਸਿਆ ਕਿ ਪਾਵਰਕਾਮ ਸੀਐਚ ਬੀ ਅਤੇ ਸੀ ਐੱਚ ਬੀ ਡਬਲਿਊ ਠੇਕਾ ਕਾਮਿਆਂ ਨਾਲ ਡਿਊਟੀ ਦੌਰਾਨ ਕਰੰਟ ਲੱਗਣ ਕਰਕੇ ਲਗਾਤਾਰ ਘਾਤਕ ਤੇ ਗੈਰ ਘਾਤਕ ਹਾਦਸੇ ਵਾਪਰ ਰਹੇ ਹਨ। ਕਈ ਕਾਮੇ ਮੌਤ ਦੇ ਮੂੰਹ ਪੈ ਗਏ ਅਤੇ ਕਈ ਕਾਮੇ ਅਪੰਗ ਹੋ ਗਏ। ਅਤੇ ਪਾਵਰਕੌਮ ਮੈਨੇਜਮੈਂਟ ਵੱਲੋਂ ਕੱਢੇ ਗਏ ਕਾਮਿਆਂ ਨੂੰ ਬਹਾਲ ਕਰਨ ਪੁਰਾਣਾ ਬਕਾਇਆ ਏਰੀਅਲ ਜਾਰੀ ਕਰਨ ਵਿਭਾਗ ਚ ਲੈ ਕੇ ਰੈਗੂਲਰ ਕਰਨ ਅਤੇ ਪੁਰਾਣਾ ਬਕਾਇਆ ਈ ਪੀ ਐਫ ਦੀ ਰਾਸ਼ੀ ਜਾਰੀ ਕਰਨ ਸਮੇਤ ਹੋਰ ਮੰਗਾਂ ਬਾਰੇ ਅੱਜ ਮੈਨੇਜਮੈਂਟ ਨੂੰ ਮੰਗ ਪੱਤਰ ਸੌਂਪਿਆ ਗਿਆ ਇਸਦੇ ਨਾਲ ਹੀ ਆਪਣੀਆਂ ਲਟਕਦੀਆਂ ਮੰਗਾਂ ਨੂੰ ਲੈ ਕੇ ਨਵੀਂ ਬਣੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਜੀ ਨੂੰ ਉਨ੍ਹਾਂ ਦੇ ਪਿੰਡ ਵਿਖੇ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਮੰਗ ਪੱਤਰ ਸੌਂਪਿਆ ਜਾਵੇਗਾ ਅਤੇ ਕੰਪਲੇਟਸ ਮੇਂਟੀਨੈਂਸ ਆਦਿ ਦਾ ਕੰਮ ਕਰਦੇ ਸੀ ਐੱਚ ਬੀ ਅਤੇ ਸੀ ਐੱਚ ਬੀ ਡਬਲਯੂ ਕਾਮਿਆਂ ਨੂੰ ਆਈਆਂ ਮੁਸ਼ਕਲਾਂ ਦੀ ਜਾਣਕਾਰੀ ਵੀ ਉਨ੍ਹਾਂ ਨੂੰ ਦਿੱਤੀ ਜਾਵੇਗੀ।

**ਨਵੇਂ ਬਣੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਰਿਵਾਰਾਂ ਅਤੇ ਬੱਚਿਆਂ ਸਮੇਤ ਵੱਡੀ ਗਿਣਤੀ ਚ ਉਨ੍ਹਾਂ ਦੇ ਹਲਕੇ ਚ ਮੰਗ ਪੱਤਰ ਸੌਂਪਣਗੇ।**

ਅਗਲੇ ਸੰਘਰਸ਼ ਦੀ ਰੂਪ ਰੇਖਾ ਦੀ ਤਿਆਰੀ ਲਈ ਪੰਜਾਬ ਵਿਚ ਸਬ ਡਵੀਜ਼ਨ ਪੱਧਰ ਅਤੇ ਡਿਵੀਜ਼ਨ ਪੱਧਰ ਤੇ ਚੋਣਾਂ ਦਾ ਸਿਲਸਿਲਾ ਜਥੇਬੰਦੀ ਵੱਲੋਂ ਵੀ ਜਾਰੀ ਕੀਤਾ ਗਿਆ ਹੈ ਅਤੇ ਨਵੀਂ ਮੈਂਬਰਸ਼ਿਪ ਭਰਨ ਦਾ ਫੈਸਲਾ ਜਥੇਬੰਦੀ ਵੱਲੋਂ ਕੀਤਾ ਗਿਆ ਹੈ 10 ਅਪ੍ਰੈਲ 2022 ਸੂਬਾ ਪੱਧਰੀ ਡੈਲੀਗੇਟ ਅਜਲਾਸ ਵੀ ਕੀਤਾ ਜਾਵੇਗਾ। ਮੰਗਾਂ ਦਾ ਹੱਲ ਨਾ ਹੋਣ ਦੀ ਸੂਰਤ ਵਿਚ ਜਥੇਬੰਦੀ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।



# ਸਹੁੰ ਚੁੱਕ ਸਮਾਗਮ ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਟਕੜ ਕਲਾਂ 'ਚ ਜੰਗੀ ਪੱਧਰ 'ਤੇ ਸਫ਼ਾਈ ਕਾਰਜ ਆਰੰਭ

- **ਅਗਲੇ ਦੋ ਦਿਨਾਂ ਵਿੱਚ ਸਾਰੇ ਸਫ਼ਾਈ ਕਾਰਜ ਮੁਕੰਮਲ ਕਰ ਲਏ ਜਾਣਗੇ- ਡੀ ਸੀ ਵਿਸ਼ੇਸ਼ ਸਾਰੰਗਲ**
- **ਅਜਾਇਬ ਘਰ ਤੇ ਯਾਦਗਾਰ ਨੂੰ 6 ਘੰਟੇ ਦੇ ਰਿਕਾਰਡ ਸਮੇਂ 'ਚ ਪਹਿਲਾਂ ਵਰਗੀ ਦਿੱਖ ਮਿਲੀ**

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਯਾਦਗਾਰ ਅਤੇ ਅਜਾਇਬ ਘਰ ਵਿਖੇ ਕਲ੍ਹ ਹੋਏ ਸਹੁੰ ਚੁੱਕ ਸਮਾਗਮ ਉਪਰੰਤ ਸ਼ੁਰੂ ਕੀਤੇ ਗਏ ਸਫ਼ਾਈ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਆਖਿਆ ਕਿ ਅਜਾਇਬ ਘਰ ਅਤੇ ਯਾਦਗਾਰ ਨੂੰ 6 ਘੰਟੇ ਦੇ ਰਿਕਾਰਡ ਸਮੇਂ ਵਿੱਚ ਪਹਿਲਾਂ ਜਿਹੀ ਦਿੱਖ ਦੇ ਦਿੱਤੀ ਗਈ ਹੈ ਜਦਕਿ ਪਿਛਲੇ ਪਾਸੇ ਸਮਾਗਮ ਵਾਲੀ ਥਾਂ 'ਤੇ ਟੈਂਟ ਦਾ ਢਾਂਚਾ ਉਤਾਰਿਆ ਜਾ ਰਿਹਾ ਹੈ ਤੇ ਉੱਥੇ ਵੀ ਸਫ਼ਾਈ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਇਹ ਕਾਰਜ ਅਗਲੇ ਦੋ ਦਿਨਾਂ ਵਿੱਚ ਸੰਪੂਰਨ ਕਰ ਲਏ ਜਾਣਗੇ।ਅੱਜ ਏ ਡੀ ਸੀ ਅਮਿਤ ਮਹਾਜਨ, ਅਮਰਦੀਪ ਸਿੰਘ ਬੈਂਸ ਅਤੇ ਐਸ ਡੀ ਐਮ ਬੰਗਾ ਨਵਨੀਤ ਕੌਰ ਬੱਲ ਨਾਲ ਸਮਾਗਮ ਵਾਲੀ ਥਾਂ ਦਾ ਦੌਰਾ ਕਰਨ ਪੁੱਜੇ, ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਇਸ ਵੱਕਾਰੀ ਸਮਾਗਮ ਦੇ ਮੁਕੰਮਲ ਹੋਣ ਬਾਅਦ, ਪ੍ਰਸ਼ਾਸਨ ਦਾ ਮੁੱਖ ਟੀਚਾ ਇਸ ਥਾਂ 'ਤੇ ਸਫ਼ਾਈ ਕਾਰਜਾਂ ਨੂੰ ਪਰਮ ਅਗੇਤ ਦੇ ਕੇ ਮੁਕੰਮਲ ਕਰਨਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜੱਦੀ ਪਿੰਡ ਅਤੇ ਯਾਦਗਾਰ ਰਾਸ਼ਟਰੀ ਧਰੋਹਰ ਹੋਣ ਕਾਰਨ ਅਸੀਂ ਇਸ ਥਾਂ ਅਤੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਲਈ ਵਚਨਬੱਧ ਹਾਂ।ਨ੍ਹਾਂ ਦੱਸਿਆ ਕਿ ਜੱਦੀ ਘਰ, ਪਾਰਕ ਏਰੀਆ, ਯਾਦਗਾਰ ਤੇ ਅਜਾਇਬਘਰ, ਹੈਲੀਪੈਡ ਅਤੇ ਪਿੰਡ ਵਾਲਾ ਏਰੀਆ ਸਾਫ਼ ਕੀਤਾ ਜਾ ਚੁੱਕਾ ਹੈ ਜਦਕਿ ਪੰਡਾਲ ਵਾਲੀ ਥਾਂ 'ਤੇ ਟੈਂਟ ਉਤਾਰੇ ਜਾ ਰਹੇ ਕਾਰਨ, ਇਸ ਦੀ ਸਫ਼ਾਈ ਦਾ ਕੰਮ ਵੀ ਨਾਲੋਂ-ਨਾਲ ਕੀਤਾ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਇਸ ਸਹੁੰ ਚੁੱਕ ਸਮਾਗਮ 'ਚ ਲੋਕਾਂ ਦੀ ਵੱਡੀ ਗਿਣਤੀ ਆਮਦ ਨੂੰ ਅਨੁਮਾਨਦਿਆਂ ਪਹਿਲਾਂ ਹੀ ਵਿਆਪਕ ਪ੍ਰਬੰਧ ਕੀਤੇ ਗਏ ਸਨ। ਉਨ੍ਹਾਂ ਸਮਾਗਮ ਦੀ ਨਿਰਵਿਘਨ ਸੰਪੂਰਨਤਾ ਲਈ ਸਮੁੱਚੇ ਅਮਲੇ ਵੱਲੋਂ ਦਿਖਾਈ ਨਿਸ਼ਠਾ ਅਤੇ ਲੋਕਾਂ ਵੱਲੋਂ ਅਪਣਾਈ ਸਹਿਣਸ਼ੀਲਤਾ ਤੇ ਅਨੁਸ਼ਾਸਨ ਲਈ ਉਨ੍ਹਾਂ ਦਾ ਧੰਨਵਾਦ ਪ੍ਰਗਟਾਇਆ।

# 20 ਮਾਰਚ ਤੋਂ ਬਟਾਲਾ ਤੇ ਗੁਰਦਾਸਪੁਰ ਤੋਂ ਫਿਰ ਚੱਲਣਗੀਆਂ ਮੁਫ਼ਤ ਯਾਤਰੂ ਬੱਸਾਂ

- **ਜ਼ਿਲ੍ਹੇ ਦੇ ਧਾਰਮਿਕ ਤੇ ਇਤਿਹਾਸਕ ਸਥਾਨਾਂ ਦੇ ਕਰਵਾਏ ਜਾਣਗੇ ਦਰਸ਼ਨ**
- **ਯਾਤਰਾ ਦੀ ਬੁਕਿੰਗ ਲਈ ਡੀ.ਪੀ.ਆਰ.ਓ. ਬਟਾਲਾ ਤੇ ਗੁਰਦਾਸਪੁਰ ਨਾਲ ਕੀਤਾ ਜਾ ਸਕਦਾ ਰਾਬਤਾ**



**ਬਟਾਲਾ/ਸੁਖਨਾਮ ਸਿੰਘ**

ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਨੇ ਐਲਾਨ ਕੀਤਾ ਹੈ ਕਿ ਜ਼ਿਲ੍ਹਾ ਹੈਰੀਟੇਜ ਸੁਸਾਇਟੀ, ਗੁਰਦਾਸਪੁਰ ਵੱਲੋਂ ਇਸ ਐਤਵਾਰ 20 ਮਾਰਚ ਤੋਂ ਜ਼ਿਲ੍ਹੇ ਦੇ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਵਿਸ਼ੇਸ ਬੱਸਾਂ ਦੁਬਾਰਾ ਚਲਾਈਆਂ ਜਾਣਗੀਆਂ। ਉਨਾਂ ਕਿਹਾ ਕਿ ਇਹ ਬੱਸਾਂ ਗੁਰਦਾਸਪੁਰ ਤੇ ਬਟਾਲਾ ਸਰਕਟ ਲਈ ਵੱਖ-ਵੱਖ ਹੋਣਗੀਆਂ ਅਤੇ ਇਹ ਯਾਤਰਾ ਹਫਤੇ ਦੇ ਹਰ ਐਤਵਾਰ ਨੂੰ ਚੱਲਿਆ ਕਰੇਗੀ।

ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਦੱਸਿਆ ਕਿ ਬਟਾਲਾ ਸਰਕਟ ਦੇ ਦਰਸ਼ਨਾਂ ਲਈ ਬੱਸ 20 ਮਾਰਚ ਨੂੰ ਸਵੇਰੇ 9 ਵਜੇ ਸ਼ਿਵ ਬਟਾਲਵੀ ਆਡੀਟੋਰੀਅਮ ਤੋਂ ਚੱਲੇਗੀ ਜਦਕਿ ਗੁਰਦਾਸਪੁਰ ਸਰਕਟ ਲਈ ਇਹ ਬੱਸ ਪੰਚਾਇਤ ਭਵਨ ਗੁਰਦਾਸਪੁਰ ਤੋਂ ਚੱਲੇਗੀ। ਉਨਾਂ ਦੱਸਿਆ ਕਿ ਬਟਾਲਾ ਸਰਕਟ ਤਹਿਤ ਵਿਸ਼ੇਸ਼ ਬੱਸ ਵੱਲੋਂ ਬਟਾਲਾ ਸ਼ਹਿਰ ਤੋਂ ਚੱਲ ਕੇ ਸਭ ਤੋਂ ਪਹਿਲਾਂ ਗੁਰਦਾਸ ਨੰਗਲ ਦੀ ਗੜ੍ਹੀ, ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਦੇ ਦਰਸ਼ਨ ਕਰਵਾਏ ਜਾਣਗੇ ਅਤੇ ਉਸ ਤੋਂ ਬਾਅਦ ਯਾਤਰੂਆਂ ਨੂੰ ਸ੍ਰੀ ਹਰਗੋਬਿੰਦਪੁਰ ਵਿਖੇ ਗੁਰੂ ਕੀ ਮਸੀਤ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਕਿਸ਼ਨ ਕੋਟ ਵਿਖੇ ਰਾਧਾ ਕ੍ਰਿਸ਼ਨ ਮੰਦਰ, ਸ੍ਰੀ ਨਾਮਦੇਵ ਦਰਬਾਰ ਘੁਮਾਣ, ਬਦਰ ਸ਼ਾਹ ਦੀਵਾਨ ਦੀ ਦਰਗਾਹ ਪਿੰਡ ਮਸਾਣੀਆਂ ਅਤੇ ਅਚਲੇਸ਼ਵਰ ਧਾਮ ਤੇ ਗੁਰਦੁਆਰਾ ਸ੍ਰੀ ਅੱਚਲ ਸਾਹਿਬ ਦੇ ਦਰਸ਼ਨ ਕਰਵਾ ਕੇ ਸ਼ਾਮ ਨੂੰ ਯਾਤਰਾ ਬਟਾਲਾ ਵਿਖੇ ਖਤਮ ਹੋਵੇਗੀ।

ਉਨਾਂ ਦੱਸਿਆ ਕਿ ਗੁਰਦਾਸਪੁਰ ਸਰਕਟ ਤਹਿਤ ਪੰਚਾਇਤ ਭਵਨ ਤੋਂ ਬੱਸ ਚੱਲੇਗੀ ਜਿਸ ਰਾਹੀਂ ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ, ਗੁਰਦਾਸ ਨੰਗਲ ਗੜ੍ਹੀ, ਸ਼ਿਵ ਮੰਦਿਰ ਕਲਾਨੌਰ, ਕਰਤਾਰਪੁਰ ਕੋਰੀਡੋਰ (ਦਰਸ਼ਨ ਸਥਲ), ਗੁਰਦੁਆਰਾ ਚੋਹਲਾ ਸਾਹਿਬ ਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ, ਬਾਵਾ ਲਾਲ ਜੀ ਦਾ ਮੰਦਰ ਧਿਆਨਪੁਰ ਦੇ ਦਰਸ਼ਨ ਕਰਵਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਜਿਲ੍ਹਾ ਪ੍ਰਸ਼ਾਸਨ ਵਲੋਂ ਬਿਆਸ ਦਰਿਆ ਨੇੜਲੇ ਪਿੰਡ ਮੋਜਪੁਰ (ਟਾਪੂਨੁਮਾ) ਨੂੰ ਸੈਰ ਸਪਾਟਾ ਵਜੋਂ ਉਤਸ਼ਾਹਤ ਕਰਨ ਦੇ ਮੰਤਵ ਨਾਲ ਬੀਤੇ ਦਿਨਾਂ ਵਿਚ ਵਿਸ਼ੇਸ ਉਪਰਾਲੇ ਕੀਤੇ ਗਏ ਸਨ ਅਤੇ ਹੁਣ 20 ਮਾਰਚ ਤੋਂ ਇੱਕ ਵਿਸ਼ੇਸ ਬੱਸ ਗੁਰਦਾਸਪੁਰ ਦੇ ਪੰਚਾਇਤ ਭਵਨ ਤੋਂ ਸਵੇਰੇ 9.30 ਵਜੇ ਇਸ ਟਾਪੂ ਦੀ ਸੈਰ ਲਈ ਰਵਾਨਾ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਫਿਲਹਾਲ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵਲੋਂ ਇਸ ਸਥਾਨ 'ਤੇ ਲਿਜਾਇਆ ਜਾਵੇਗਾ ਅਤੇ ਉਪਰੰਤ ਲੋਕਾਂ ਨੂੰ ਵੀ ਇਸ ਸਥਾਨ 'ਤੇ ਲਿਜਾਇਆ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਯਾਤਰਾਵਾਂ ਬਿਲਕੁੱਲ ਮੁਫ਼ਤ ਹਨ ਅਤੇ ਵਿਸ਼ੇਸ ਬੱਸਾਂ ਵਿਚ ਯਾਤਰਾ ਕਰਨ ਦੇ ਇਛੁੱਕ ਬਟਾਲਾ ਸਰਕਟ ਲਈ ਇੰਦਰਜੀਤ ਸਿੰਘ ਹਰੁਪਰਾ, ਜ਼ਿਲਾ ਲੋਕ ਸੰਪਰਕ ਅਫਸਰ ਬਟਾਲਾ ਦੇ ਮੋਬਾਇਲ ਨੰਬਰ 98155-77574 ਅਤੇ ਗੁਰਦਾਸਪੁਰ ਸਰਕਟ ਲਈ ਹਰਜਿੰਦਰ ਸਿੰਘ ਕਲਸੀ, ਜ਼ਿਲਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ ਦੇ ਮੋਬਾਇਲ 97800-13977 'ਤੇ ਸੰਪਰਕ ਕਰਕੇ ਆਪਣੀ ਸੀਟ ਬੁੱਕ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਇਨਾਂ ਬੱਸਾਂ ਦੀ ਬੁਕਿੰਗ ਲਈ ਹਰਮਨਪ੍ਰੀਤ ਸਿੰਘ ਜੁਆਇੰਟ ਸਕੱਤਰ, ਹੈਰੀਟੇਜ ਸੁਸਾਇਟੀ ਗੁਰਦਾਸਪੁਰ ਦੇ ਮੋਬਾਇਲ ਨੰਬਰ 98552-84240 ਅਦੇ ਦਮਨਜੀਤ ਸਿੰਘ ਗਾਈਡ ਛੋਟਾ ਘੱਲੂਘਾਰਾ ਮੈਮੋਰੀਅਲ, ਕਾਹਨੂੰਵਾਨ ਦੇ ਮੋਬਾਇਲ ਨੰਬਰ 98552-93452 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਰਾਜਬੀਰ ਸਿੰਘ ਸੈਕਟਰੀ ਨੂੰ ਗਹਿਰਾ ਸਦਮਾ ਮਾਤਾ ਦਾ ਦੇਹਾਂਤ

**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪੰਚਾਇਤ ਸੈਕਟਰੀ ਰਾਜਬੀਰ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਸੁਖਵਿੰਦਰ ਕੌਰ ਪਤਨੀ ਸਵਰਗਵਾਸੀ ਸ ਅਜਾਇਬ ਸਿੰਘ ਵਾਸੀ ਇੰਦਰਗੜ੍ਹ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ



ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਬੀ ਡੀ ਪੀ ਓ ਮਲਕੀਤ ਸਿੰਘ ਪੰਚਾਇਤ ਸਕੱਤਰ ਦਲਜੀਤ ਸਿੰਘ ਪੰਚਾਇਤ ਸਕੱਤਰ ਕੁਲਦੀਪ ਸਿੰਘ ਪੰਚਾਇਤ ਸਕੱਤਰ ਭੁਪਿੰਦਰ ਸਿੰਘ ਪੰਚਾਇਤ ਸਕੱਤਰ ਪ੍ਰਿਥੀਪਾਲ ਸਿੰਘ ਪੰਚਾਇਤ ਸਕੱਤਰ ਰਵਿੰਦਰਜੀਤ ਸਿੰਘ ਪ੍ਰਿੰਸ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਸਾਬਕਾ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਇਸ ਤੋਂ ਇਲਾਵਾ ਵੱਖ ਵੱਖ ਰਾਜਸੀ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

















# ਬੱਚਿਆਂ ਨੇ ਇੱਕ ਦੂਜੇ ਨੂੰ ਗੁਲਾਲ ਲਗਾ ਕੇ ਹੋਲੀ ਮਨਾਈ









**ਜਲੰਧਰ/ਦੀਪਕ ਨਟਰਾਜ**

ਡਿਪਸ ਚੈਨ ਦੇ ਸਮੂਹ ਸਕੂਲਾਂ ਵਿੱਚ ਹੋਲੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਬੱਚਿਆਂ ਨੇ ਗੁਲਾਲ ਲਗਾ ਕੇ ਇੱਕ ਦੂਜੇ ਨੂੰ ਹੋਲੀ ਦੀ ਵਧਾਈ ਦਿੰਦਿਆਂ ਵਾਤਾਵਰਣ ਪੱਖੀ ਹੋਲੀ ਮਨਾਉਣ ਦਾ ਸੁਨੇਹਾ ਦਿੱਤਾ। ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਤਿਲਕ ਲਗਾ ਕੇ ਉਨ੍ਹਾਂ ਤੋਂ ਅਸ਼ੀਰਵਾਦ ਲਿਆ। ਆਪਣੇ ਦੋਸਤਾਂ ਨਾਲ ਹੋਲੀ ਮਨਾਉਂਦੇ ਹੋਏ ਸਾਰਿਆਂ ਨੇ ਗੁਜੀਆ, ਜਲੇਬੀ ਅਤੇ ਹੋਰ ਮਠਿਆਈਆਂ ਦਾ ਆਨੰਦ ਮਾਣਿਆ।

ਸਕੂਲ ਦੇ ਪ੍ਰਿੰਸੀਪਲਾਂ ਨੇ ਬੱਚਿਆਂ ਨੂੰ ਹੋਲੀ ਦੇ ਇਤਿਹਾਸ ਤੋਂ ਜਾਣੂ ਕਰਵਾਉਂਦੇ ਹੋਏ ਹਿਰਣਯਕਸ਼ਪਾ ਅਤੇ ਪ੍ਰਹਿਲਾਦ ਦੀ ਕਹਾਣੀ ਸੁਣਾਈ। ਉਨ੍ਹਾਂ ਦੱਸਿਆ ਕਿ ਹੋਲੀ ਦਾ ਤਿਉਹਾਰ ਬੁਰਾਈ @ਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ, ਇਸ ਦਿਨ ਸਾਨੂੰ ਸਾਰੀਆਂ ਬੁਰੀਆਂ ਯਾਦਾਂ ਨੂੰ ਭੁੱਲ ਕੇ ਨਵੀਂ ਸ਼ੁਰੂਆਤ ਕਰਨੀ ਚਾਹੀਦੀ ਹੈ। ਇਸ ਦਿਨ ਸਾਨੂੰ ਸਾਰਿਆਂ ਨੂੰ ਪਿਆਰ ਨਾਲ ਮਿਲਣਾ ਚਾਹੀਦਾ ਹੈ। ਡਿਪਸ ਚੇਨ ਦੇ ਐਮਡੀ ਸਰਦਾਰ ਤਰਵਿੰਦਰ ਸਿੰਘ, ਸੀਈਓ ਰਮਨੀਕ ਸਿੰਘ ਅਤੇ ਸੀਈਓ ਮੋਨਿਕਾ ਮੰਡੋਤਰਾ ਨੇ ਸਾਰੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਹੋਲੀ ਦੀਆਂ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ। ਉਨ੍ਹਾਂ ਬੱਚਿਆਂ ਨੂੰ ਪਾਣੀ ਦੀ ਸੰਭਾਲ ਦਾ ਸੰਦੇਸ਼ ਦਿੰਦੇ ਹੋਏ ਹੋਲੀ @ਤੇ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਹੋਲੀ @ਤੇ ਹਮੇਸ਼ਾ ਕੁਦਰਤੀ ਰੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ ਵੱਖ-ਵੱਖ ਰਸਾਇਣਾਂ ਨਾਲ ਬਣੇ ਰੰਗ ਸਾਡੀ ਚਮੜੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

# ਆਸਕੈਡ ਸਕੀਮ ਤਹਿਤ ਕਿਸਾਨ ਜਾਗਰੂਕਤਾ ਕੈਂਪ ਲਗਾਇਆ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਪਿੰਡ ਤਲਵੰਡੀ ਵਿਖੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਗੁਰਦਾਸਪੁਰ ਡਾ ਸ਼ਾਮ ਸਿੰਘ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਵੈਟਰਨਰੀ ਅਫਸਰ ਬਹਿਰਾਮਪੁਰ ਦੀ ਯੋਗ ਅਗਵਾਈ ਹੇਠ ਆਸਕੈਡ ਸਕੀਮ ਤਹਿਤ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ । ਕੈਂਪ ਦੀ ਸ਼ੁਰੂਆਤ ਕਰਦੇ ਹੋਏ ਡਾ ਸੁਮਿਤ ਸਿਆਲ ਨੇ ਪਸ਼ੂ ਪਾਲਕਾਂ ਨੂੰ ਪਸ਼ੂ ਪਾਲਣ ਦੇ ਧੰਦੇ ਨੂੰ ਅਪਨਾਉਣ ਅਤੇ ਇਸਨੂੰ ਰੋਜਗਾਰ ਅਪਨਾਉਣ ਲਈ ਪ੍ਰੇਰਿਆ। ਉਨਾਂ ਨੇ ਵਿਭਾਗਾਂ ਵੱਲੋਂ ਕੀਤੀ ਜਾ ਰਹੀ ਮੂੰਹ ਖੋਰ, ਗਲ ਘੋਟੂ ਅਤੇ ਬਰੁਸੈਲੋਸਿਸ ਦੀ ਵੈਕਸੀਨੇਸ਼ਨ ਬਾਰੇ ਦੱਸਿਆ। ਇਸ ਦੌਰਾਨ ਵੀ ਉ ਪਨਿਆੜ ਡਾ ਜਸਪ੍ਰੀਤ ਨੇ ਹਵਾਨਾ ਰੋਗ ਬਾਰੇ ਜਾਣਕਾਰੀ ਦਿੱਤੀ। ਡਾ ਅਮਿਤ ਸ਼ਰਮਾ ਨੇ ਪਸ਼ੂਆਂ ਦੇ ਢਿੱਡ ਅੰਦਰ ਪੈਦਾ ਹੋਣ ਵਾਲੇ ਕਿਰਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤੇ ਡਾ ਸੁਮਿਤ ਸਿਆਲ ਅਤੇ ਡਾ ਲਵਜੋਤ ਕੋਰ ਨੇ ਆਏ ਹੋਏ ਪਸ਼ੂ ਪਾਲਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਦੂਰ ਕਰਨ ਦੇ ਤਰੀਕੇ ਦੱਸੇ ਅਤੇ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਤੇ ਵੈਟਰਨਰੀ ਇੰਸਪੈਕਟਰ ਰਕੇਸ਼ ਕੁਮਾਰ, ਪ੍ਰਵੀਨ ਕੁਮਾਰ, ਸੁਖਦੇਵ ਰਾਜ ਅਤੇ ਨਵਜੋਤ ਸਿੰਘ ਆਦਿ ਹਾਜ਼ਰ ਸਨ। ਅੰਤ ਵਿਚ ਸਰਪੰਚ ਸਰਜੀਵਨ ਕੁਮਾਰ ਨੇ ਆਏ ਹੋਏ ਡਾਕਟਰ ਸਾਹਿਬਾਨ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ।

# ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਆਪਣੀ ਪੂਰੀ ਵਾਹ ਲਗਾ ਦੇਵੇਗੀ : ਵਿਧਾਇਕ ਸ਼ੈਰੀ ਕਲਸੀ

- ਪੰਜਾਬ ਦਾ ਸਿਆਸੀ ਨਿਜ਼ਾਮ ਬਦਲ ਕੇ ਹੁਣ ਆਮ ਲੋਕਾਂ ਦੇ ਹੱਥਾਂ ਵਿੱਚ ਆਇਆ
- ਬਟਾਲਾ ਹਲਕੇ ਦੇ ਸਰਬਪੱਖੀ ਵਿਕਾਸ ਹੀ ਉਨ੍ਹਾਂ ਦਾ ਮੁੱਖ ਏਜੰਡਾ



**ਬਟਾਲਾ/ਸੁਖਨਾਮ ਸਿੰਘ**

ਪੰਜਾਬ ਵਿੱਚ ਬਣੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਪੰਜਾਬ ਦੇ ਹਰੇਕ ਨਾਗਰਿਕ ਦੀ ਆਪਣੀ ਸਰਕਾਰ ਹੈ ਅਤੇ ਇਸ ਸਰਕਾਰ ਵੱਲੋਂ ਖੁਸ਼ਹਾਲ ਪੰਜਾਬ ਬਣਾਉਣ ਲਈ ਆਪਣੀ ਪੂਰੀ ਵਾਹ ਲਗਾ ਦਿੱਤੀ ਜਾਵੇਗੀ। ਵਿਧਾਨ ਸਭਾ ਹਲਕਾ ਬਟਾਲਾ ਤੋਂ ਜਿੱਤੇ ਨੌਜਵਾਨ ਵਿਧਾਇਕ ਅਮਨ ਸ਼ੇਰ ਸਿੰਘ (ਸ਼ੈਰੀ ਕਲਸੀ) ਨੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬੀਤੇ ਕੱਲ ਸ੍ਰੀ ਭਗਵੰਤ ਮਾਨ ਨੇ ਸ਼ਹੀਦਾਂ ਦੀ ਧਰਤੀ ਖਟਕੜ ਕਲਾਂ ਤੋਂ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕ ਕੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਸਿਰਜਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਸੂਬਾ ਤਰੱਕੀ ਕਰਨ ਦੀ ਬਜਾਏ ਹਰ ਖੇਤਰ ਵਿੱਚ ਬੁਰੀ ਤਰ੍ਹਾਂ ਪੱਛੜਿਆ ਹੈ ਅਤੇ ਸੂਬੇ ਦੇ ਨੌਜਵਾਨ ਰੋਜ਼ੀ ਰੋਟੀ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਾਫ-ਸੁਥਰਾ, ਪਾਰਦਰਸ਼ੀ ਅਤੇ ਵਧੀਆ ਸ਼ਾਸਨ ਪ੍ਰਦਾਨ ਕਰਨ ਦੇ ਨਾਲ-ਨਾਲ ਸੂਬੇ ਵਿੱਚ ਰੋਜ਼ਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰੇਗੀ। ਉਨ੍ਹਾਂ ਕਿਹਾ ਕਿ ਆਪ ਸਰਕਾਰ ਸੂਬੇ ਵਿੱਚ ਅਤਿ-ਆਧੁਨਿਕ ਸਕੂਲ ਅਤੇ ਹਸਪਤਾਲ ਸਥਾਪਤ ਕਰਕੇ ਵਧੀਆ ਸਿੱਖਿਆ ਅਤੇ ਸਿਹਤ ਸੰਭਾਲ ਦਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਏਗੀ ਜਿਸਦਾ ਆਮ ਲੋਕਾਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦਾ ਸਿਆਸੀ ਨਿਜ਼ਾਮ ਬਦਲ ਕੇ ਹੁਣ ਆਮ ਲੋਕਾਂ ਦੇ ਹੱਥ ਵਿੱਚ ਆ ਚੁੱਕਾ ਹੈ ਅਤੇ ਪੰਜਾਬ ਸਰਕਾਰ ਆਪਣੇ ਲੋਕਾਂ ਦੇ ਸਹਿਯੋਗ ਨਾਲ ਖੁਸ਼ਹਾਲ ਤੇ ਸੁਨਿਹਰੀ ਪੰਜਾਬ ਸਿਰਜੇਗੀ। ਵਿਧਾਨ ਸਭਾ ਹਲਕਾ ਬਟਾਲਾ ਦਾ ਜਿਕਰ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਹ ਬਟਾਲਾ ਹਲਕੇ ਦੇ ਸਮੂਹ ਵੋਟਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੀ ਸੇਵਾ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਟਾਲਾ ਸ਼ਹਿਰ ਸੂਬੇ ਦਾ ਪ੍ਰਮੁੱਖ ਇਤਿਹਾਸਕ ਤੇ ਧਾਰਮਿਕ ਪਿਛੋਕੜ ਵਾਲਾ ਸ਼ਹਿਰ ਹੈ ਅਤੇ ਇਸ ਸ਼ਹਿਰ ਦਾ ਸਰਬਪੱਖੀ ਵਿਕਾਸ ਹੀ ਉਨ੍ਹਾਂ ਦਾ ਮੁੱਖ ਏਜੰਡਾ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਦੀ ਸਨਅਤ ਦੀ ਸੁਰਜੀਤੀ ਲਈ ਉਹ ਮੁੱਖ ਮੰਤਰੀ ਪੰਜਾਬ ਨਾਲ ਵਿਸ਼ੇਸ਼ ਮੁਲਾਕਾਤ ਕਰਨਗੇ ਤਾਂ ਜੋ ਸਅਨਤੀ ਵਿਕਾਸ ਨਾਲ ਇਥੇ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕੀਤੇ ਜਾ ਸਕਣ। ਇਸਦੇ ਨਾਲ ਹੀ ਬਟਾਲਾ ਸ਼ਹਿਰ ਅਤੇ ਪਿੰਡਾਂ ਦੇ ਵਸਨੀਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਪਹਿਲ ਦੇ ਅਧਾਰ ’ਤੇ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਉਹ ਆਪਣੇ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਹਨ ਅਤੇ ਉਨ੍ਹਾਂ ਨਾਲ ਕੋਈ ਵੀ ਵਿਅਕਤੀ ਸਿੱਧਾ ਰਾਬਤਾ ਕਰ ਸਕਦਾ ਹੈ।

# ਹਾਦਸਿਆਂ ਨੂੰ ਸੱਦੇ ਦੇ ਰਿਹਾ ਗੋਲੇਵਾਲਾ ਤੋ ਹੱਸਣਭੱਟੀ ਨੂੰ ਜਾਣ ਵਾਲੀ ਸੜਕ ਤੇ ਸੇਮਨਾਲੇ ਦਾ ਘੋਨਾ ਪੁਲ



**ਫਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਵਾਲਾ**

ਕਸਬਾ ਗੋਲੇਵਾਲਾ ਤੋਂ ਲਿੰਕ ਸੜਕ ਜੋ ਪਿੰਡ ਹੱਸਣਭੱਟੀ ਸਕੂਰ ਸਹਿਜਾਦੀ ਤੋਂ ਹੁੰਦੀ ਹੋਈ ਫਿਰੋਜ਼ਪੁਰ ਲੁਧਿਆਣਾ ਹਾਈਵੇ ਨਾਲੋ ਜੋੜਦੀ ਹੈ ਇਸ ਵਿੱਚ ਗੋਲੇਵਾਲਾ ਤੋਂ ਹੱਸਣਭੱਟੀ ਨੂੰ ਜਾਂਦੀ ਲਿੰਕ ਰੋਡ ਉੱਪਰ ਸੇਮਨਾਲਾ ਲੰਘਦਾ ਹੈ ਜਿਸ ਦੇ ਪੁਲ ਦੇ ਦੋਨੋਂ ਪਾਸੇ ਕੋਈ ਵੀ ਨਾ ਕੰਧ ਅਤੇ ਨਾ ਕੋਈ ਲੋਹੇ ਦੀ ਗਰਿੱਲ ਲੱਗੀ ਹੈ ਜੋ ਕਿ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕ ਸਕੇ ਪੁਲ ਬਿਲਕੁਲ ਘੋਨਾ ਹੈ ਤੇ ਪੁਲ ਦੇ ਨੇੜ ? ਸੜ ?ਕ ਵਿਚ ਮੌੜ ਬਣਦਾ ਹੈ ਤੇ ਜਦੋਂ ਕਈ ਵਾਰ ਹਨ੍ਹੇਰੇ ਸਵੇਰੇ ਇੱਥੇ ਕੋਈ ਵੀ ਵਹੀਕਲ ਹਾਦਸੇ ਦਾ ਸ਼ਿਕਾਰ ਹੋ ਸਕਦਾ ਹੈ ਪੁੱਛੇ ਜਾਣ ਤੇ ਪਿੰਡ ਦੇ ਮੌਜੂਦਾ ਪੰਚਾਇਤ ਨੇ ਦੱਸਿਆ ਕਿ ਅਸੀਂ ਕਈ ਵਾਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਫ਼ਰੀਦਕੋਟ ਨੂੰ ਲਿਖਤੀ ਰੂਪ ਵਿਚ ਪੁਲ ਬਾਰੇ ਕਹਿ ਚੁੱਕੇ ਹਾ ਪਰ ਇਸ ਘੋਨੇ ਪੁਲ ਦੇ ਦੋਨੋਂ ਪਾਸੇ ਕੰਧਾਂ ਕੀਤੀਆਂ ਜਾਣ ਤੇ ਜਾਂ ਲੋਹੇ ਦੀ ਗਰਿੱਲ ਲਾਈ ਜਾਵੇ ਪਰ ਅਜੇ ਤਕ ਜ਼ਿਲ੍ਹਾ ਪ੍ਰਸ਼ਾਸਨ ਸੜਕ ਵਿਭਾਗ ਅਤੇ ਸੇਮਨਾਲੇ ਦੇ ਵਿਭਾਗ ਨੇ ਇਸ ਘੋਨੇ ਪੁਲ ਵੱਲ ਧਿਆਨ ਨਹੀਂ ਦਿੱਤਾ ਸ਼ ਾ ਿ ਏ ਦ ਪ੍ਰਸ਼ਾਸਨ ਕਿਸੇ ਵੱਡੀ ਘਟਨਾ ਦੀ ਉਡੀਕ ਵਿੱਚ ਹੋਵੇ ਜਦੋਂ ਕਿ ਕੋਈ ਵੀ ਵੱਡੀ ਘਟਨਾ ਵਾਪਰੀ ਫਿਰ ਇਸ ਪੁਲ ਵੱਲ ਧਿਆਨ ਦੇਵੇਗਾ ਇਸ ਸਮੇਂ ਸਮੁੱਚੇ ਨਗਰ ਵਾਸੀਆਂ ਨੇ ਖਾਸ ਕਰਕੇ ਫ਼ਰੀਦਕੋਟ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਾਡੇ ਇਸ ਘੋਨੇ ਪੁਲ ਵੱਲ ਤੁਰੰਤ ਧਿਆਨ ਦਿੱਤਾ ਜਾਵੇ ਤਾਂ ਕਿ ਕਿਸੇ ਵੀ ਸਮੇਂ ਕੋਈ ਵੀ ਅਣਸੁਖਾਵੀਂ ਘਟਨਾ ਹੋਣ ਤੋਂ ਬਚ ਸਕੇ ਸਮੂਹ ਬਲਾਕ ਨੌਜਵਾਨ ਸਭਾ ਗੋਲੇਵਾਲਾ।